ੴ ਸਤਿਗੁਰ ਪ੍ਰਸਾਦਿ ॥

ਜਨਤਾ ਵਿਚ ਕਿਵੇਂ ਬੋਲੀਏ



ਕਰਤਾ :
ਪ੍ਰਿੰਸੀਪਲ ਗੰਗਾ ਸਿੰਘ ਜੀ
ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ

ਪਹਿਲੀ ਵਾਰ	ਜੂਨ ੧੯੪੬
ਦੂਸਰੀ ਵਾਰ	ਫਰਵਰੀ ੧੯੪੭
ਦਸਵੀਂ ਵਾਰ	ਜੁਲਾਈ ੧੯੫੯
ਗਿਆਰ੍ਹਵੀਂ ਵਾਰ	ਜਨਵਰੀ ੧੯੬੬
ਬਾਰ੍ਹਵੀਂ ਵਾਰ	ਫਰਵਰੀ ੧੯੭੦
ਤੇਰ੍ਹਵੀਂ ਵਾਰ	ਅਪ੍ਰੈਲ ੧੯੭੪
ਪੰਦ੍ਰਵੀਂ ਵਾਰ	ਨਵੰਬਰ ੧੯੮੦
ਸੋਲਵੀ ਵਾਰ	ਮਈ ੧੯੯੦
ਸਤਾਰਵੀਂ ਵਾਰ	ਜੂਨ ੧੯੯੫
ਅਠਾਰਵੀਂ ਵਾਰ	ਮਈ ੧੯੯੯

ਤਤਕਰਾ

ਸਵਰਗਵਾਸੀ
ਪ੍ਰੋਫੈਸਰ ਪੂਰਨ ਸਿੰਘ ਜੀ ਨੂੰ

ਸਮਾਲੋਚਨਾ

ਮੈਂ ਇਸ ਪੁਸਤਕ ਨੂੰ ਆਦਿ ਤੋਂ ਅੰਤ ਤਕ ਗਹੁ ਨਾਲ ਪੜ੍ਹਿਆ ਹੈ ਅਤੇ ਅਨੁਭਵ ਕੀਤਾ ਹੈ ਕਿ ਪਬਲਿਕ ਵਿਚ, ਅਥਵਾ ਹੋਰ ਸਮਾਜਾਂ ਵਿਚ ਬੋਲਣ ਦੇ ਚਾਹਵਾਨਾਂ ਨੂੰ ਇਹ ਪੁਸਤਕ ਜ਼ਰੂਰੀ ਪੜ੍ਹਨੀ ਚਾਹੀਦੀ ਹੈ ।

ਇਸ ਤਰ੍ਹਾਂ ਸੰਸਾਰ ਦੇ ਹੋਰ ਕੰਮਾਂ-ਕਾਜਾਂ ਵਿਚ ਸਫਲਤਾ ਪ੍ਰਾਪਤ ਕਰਨ ਵਾਸਤੇ ਹਰ ਇਕ ਪ੍ਰਾਣੀ ਮਾਤ੍ਰ ਪਹਿਲਾਂ ਉਸ ਨੂੰ ਸਿੱਖਣ ਵਾਸਤੇ ਕੁਛ ਸਮਾਂ ਦੇਂਦਾ ਹੈ, ਇਸੇ ਤਰ੍ਹਾਂ ਬੋਲਣ ਵਿਚ ਸਫਲਤਾ ਪ੍ਰਾਪਤ ਕਰਨ ਵਾਸਤੇ ਵੀ ਸਾਨੂੰ ਕੁਝ ਸਮਾਂ ਦੇ ਕੇ ਇਸ ਨੂੰ ਸਿੱਖਣਾ ਚਾਹੀਦਾ ਹੈ ਪਰ ਇਸ ਕਰਤਬ ਦੇ ਸਿੱਖਣ ਵਾਸਤੇ ਸਾਡੇ ਪਾਸ ਸਾਡੀ ਆਪਣੀ ਬੋਲੀ ਵਿਚ ਕੋਈ ਪੁਸਤਕ ਨਾ ਹੋਣ ਕਰ ਕੇ ਅਸੀਂ ਇਸ ਗੱਲ ਤੋਂ ਅਸਮਰਥ ਸਾਂ ਪਰ ਹੁਣ ਇਸ ਪੁਸਤਕ ਦੇ ਛਪ ਜਾਣ ਨਾਲ ਪਬਲਿਕ ਦੀ ਇਹ ਔਕੜ ਵੀ ਦੂਰ ਹੋ ਗਈ ਹੈ ।

ਵੇਖਣ ਵਿਚ ਆਉਂਦਾ ਹੈ ਕਿ ਕਈ ਸੱਜਣਾਂ ਨੂੰ ਆਪਣਾ ਭਾਸ਼ਣ ਆਰੰਭ ਹੀ ਨਹੀਂ ਕਰਨਾ ਆਉਂਦਾ ਅਤੇ ਫੇਰ ਬੇ-ਜੋੜ ਗੱਲਾਂ ਨੂੰ ਜੋੜ ਕੇ ਭਾਸ਼ਣ ਨੂੰ ਬੇ-ਲੋੜਾ ਲੰਮਾ ਕਰ ਕੇ ਰਸ-ਹੀਨ ਕਰ ਦੇਂਦੇ ਹਨ। ਕਈ ਵਕਤਾ ਮੁੜ ਇਹੋ ਆਖੀ ਜਾਂਦਾ ਹੈ ਹੁਣ ਮੈਂ ਆਪਣੇ ਭਾਸ਼ਣ ਨੂੰ ਸਮਾਪਤ ਕਰਦਾ ਹਾਂ ਪਰ ਇਹ ਕਹਿੰਦਾ ਹੋਇਆ ਵੀ ਉਹ ਫੇਰ ਅੱਗੋ ਕੁਛ ਨਾ ਕੁਛ ਬੋਲੀ ਹੀ ਜਾਂਦਾ ਹੈ ਪਰ ਉਸ ਨੂੰ ਸਮਾਪਤੀ ਕਰਨੀ ਹੀ ਨਹੀਂ ਆਉਂਦੀ। ਇਨ੍ਹਾਂ ਸਾਰੀਆਂ ਗੱਲਾਂ ਦਾ ਵਿਸਥਾਰ ਪੂਰਵਕ ਵੀਚਾਰ ਅਤੇ ਉਦਾਹਰਣਾਂ ਦੇ ਕੇ ਇਸ ਦੇ ਲੇਖਕ ਨੇ ਬੜੇ ਸੁੰਦਰ ਢੰਗ ਨਾਲ ਪਬਲਿਕ ਸਮਾਜਾਂ ਵਿਚ ਬੋਲਣ ਵਾਲਿਆਂ ਦੀ ਅਗਵਾਈ ਕੀਤੀ ਹੈ ।

ਭਾਸ਼ਣ ਆਰੰਭ ਇਸ ਤਰ੍ਹਾਂ ਕਰਨਾ ਚਾਹੀਦਾ ਹੈ, ਇਸ ਵਿਚ ਕਿਹੜੀਆਂ ਯੋਗ ਅਯੋਗ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਮਾਪਤੀ ਸਮੇਂ ਕਿਹੜੀਆਂ ਗੱਲਾਂ ਜ਼ਰੂਰੀ ਹਨ। ਫਿਰ ਕਿਹੜੇ ਸਾਧਨਾਂ ਨਾਲ ਭਾਸ਼ਣ ਪ੍ਰਭਾਵਸ਼ਾਲੀ ਅਤੇ ਸਫਲਤਾ ਵਾਲਾ ਹੋ ਸਕਦਾ ਹੈ। ਬੋਲਣ ਵਾਲੇ ਦੀ ਆਪਣੀ ਸ਼ਖਸੀਅਤ ਤੇ ਉਸ ਦਾ ਆਪਣਾ ਚਾਲ-ਚਲਣ ਉਸ ਦੇ ਭਾਸ਼ਣ ਉੱਤੇ ਕੀ ਅਸਰ ਪਾਉਂਦੇ ਹਨ ? ਇਨ੍ਹਾਂ ਸਭ ਗੱਲਾਂ ਦਾ ਨਿਰਨਾ ਇਹ ਪੁਸਤਕ ਵਿਚ ਗੁੰਥਨ ਕੀਤਾ ਗਿਆ ਹੈ।

ਬੋਲਣ ਵਾਲੇ ਭਾਸ਼ਣ ਦੀ ਤਿਆਰੀ, ਉਸ ਦੀ ਤਰਤੀਬ ਬੋਲਣ ਵਾਲੇ ਇਕਸਾਰ ਰਵਾਨਗੀ ਅਤੇ ਸਰੋਤਿਆਂ ਦੀ ਰੁਚੀ ਦਾ ਧਿਆਨ ਰੱਖ ਕੇ ਬੋਲਣ ਵਾਲਾ ਕਾਮਯਾਬ ਬੁਲਾਰਾ ਕਥਨ ਕੀਤਾ ਗਿਆ ਹੈ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਮੈਂ ਆਸ ਕਰਦਾ ਹਾਂ ਕਿ ਜਿਹੜਾ ਬੁਲਾਰਾ ਭੀ ਇਸ ਨੂੰ ਪੜ੍ਹ ਕੇ ਇਸ ਦੀ ਸਿਖਯਾ ਅਨੁਸਾਰ ਬੋਲਣ ਦਾ ਯਤਨ ਕਰੇਗਾ, ਉਹ ਹਰ ਸਮੇਂ ਸ਼ੋਭਾ ਪ੍ਰਾਪਤ ਕਰੇਗਾ।

ਸੰਸਾਰ ਦਾ ਵਿਕਾਸ 'ਸ਼ਬਦ' (ਏਕੰ ਹੁ ਬਹੁ ਸਯਾਮ) ਤੋਂ ਹੋਇਆ ਵਿੱਦਤ ਹੈ, ਇਸ ਵਾਸਤੇ ਇਸ ਸੰਸਾਰ ਵਿਚ ਉਹੀ ਪੁਰਸ਼ ਮਾਤ੍ਰ ਵਿਕਾਸ ਕਰ ਸਕਦਾ ਹੈ, ਜਿਸ ਪਾਸ ਸ਼ਬਦ ਦੀ ਸ਼ਕਤੀ ਹੋਵੇ। ਇਹ ਸ਼ਕਤੀ ਉਸ ਪਾਸ ਹੀ ਹੋ ਸਕਦੀ ਹੈ, ਜਿਸ ਦਾ ਬੋਲਣ-ਢੰਗ ਸੁਧਰਿਆ ਹੋਵੇ ਅਤੇ ਇਹ ਪੁਸਤਕ ਇਸ ਕੰਮ ਵਾਸਤੇ ਇਕ ਅਮੋਲਕ ਸਾਧਨ ਹੈ।

ਅੰਮ੍ਰਿਤਸਰ — **ਤੇਜਾ ਸਿੰਘ ਸੋਢੀ**
੧-੮-੫੯ — ਗੁਰਬਾਣੀ ਟੀਕਾਕਾਰ

ਮੁਖ-ਬੰਦ

ਪ੍ਰਿੰਸੀਪਲ ਗੰਗਾ ਸਿੰਘ ਜੀ ਦੀ ਇਹ ਪੁਸਤਕ ਪਬਲਿਕ ਨੂੰ ਪੇਸ਼ ਕਰਨ ਲੱਗਿਆਂ ਮੈਂ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਸਮਝਦਾ। ਉਨ੍ਹਾਂ ਦੀ ਜਾਦੂ-ਬਿਆਨੀ ਅਜਿਹੀ ਪੁਸਤਕ ਲਿਖਣ ਲਈ ਉਹਨਾਂ ਨੂੰ ਖ਼ਾਸ ਕਾਬਿਲ ਬਣਾਂਦੀ ਹੈ। ਇਸ ਵੇਲੇ ਸਿੱਖ ਪੰਥ ਵਿਚ ਕਿਹੜਾ ਅਜਿਹਾ ਸ਼ਖਸ ਹੈ, ਜੋ ਪ੍ਰਿੰਸੀਪਲ ਸਾਹਿਬ ਦੇ ਅਤਿ ਕਾਮਯਾਬ ਸਪੀਕਰ ਹੋਣ ਤੋਂ ਇਨਕਾਰ ਕਰੇ ? ਮੈਂ ਉਹਨਾਂ ਦੇ ਕਈ ਲੈਕਚਰ ਸੁਣੇ ਹਨ ਅਤੇ ਹਰ ਵਾਰ ਹੀ ਆਪਣੇ ਆਪ ਨੂੰ ਇਕ ਨਵੀਂ ਫਿਜ਼ਾ ਵਿਚ ਉਡਦਾ ਮਹਿਸੂਸ ਕੀਤਾ ਹੈ।

ਪੰਜਾਬੀ ਬੋਲੀ ਵਿਚ ਇਸ ਪੁਸਤਕ ਦੀ ਚੋਖੇ ਚਿਰ ਤੋਂ ਲੋੜ ਸੀ। ਅਕਾਲੀ ਤਹਿਰੀਕ ਤੋਂ ਬਾਅਦ ਸਾਡੀ ਕੌਮ ਵਿਚ ਪਬਲਿਕ ਸਪੀਚ ਦਾ ਆਮ ਰਿਵਾਜ ਹੋ ਗਿਆ ਹੈ ਪਰ ਅਜਿਹੇ ਸਪੀਕਰ ਉਂਗਲਾਂ ਤੇ ਹੀ ਗਿਣੇ ਜਾ ਸਕਦੇ ਹਨ, ਜਿਹਨਾਂ ਨੇ ਸਪੀਚ ਕਰਨ ਦੇ ਹੁਨਰ 'ਤੇ ਕੋਈ ਕਿਤਾਬ ਪੜ੍ਹੀ ਹੋਵੇ।

ਇਸ ਛੋਟੀ ਜਿਹੀ ਪੁਸਤਕ ਵਿਚ ਪ੍ਰਿੰਸੀਪਲ ਸਾਹਿਬ ਨੇ ਪ੍ਰਾਈਵੇਟ ਬਚਨ ਬਿਲਾਸ ਅਤੇ ਪਬਲਿਕ ਸਪੀਚ ਦੋਹਾਂ ਦੀ ਅੰਗਾਂ ਤੇ ਦੀਰਘ ਵਿਚਾਰ ਕੀਤੀ ਹੈ। ਕਾਮਯਾਬ ਸਪੀਚ ਕਿਹੜੀ ਹੁੰਦੀ ਹੈ ? ਇਸ ਲਈ ਕਿਹੜੇ ਸਾਧਨਾਂ ਦੀ ਲੋੜ ਹੈ ? ਉਹ ਸਾਧਨ ਕਿਥੋਂ ਲੱਭੇ ਜਾਣ ? ਸਪੀਕਰ ਨੂੰ ਆਪਣੇ ਔਗਣਾਂ ਦਾ ਪਤਾ ਕਿਵੇਂ ਲੱਗੇ ? ਪੁਰਅਸਰ ਤਕਰੀਰ ਕਰਨ ਲਈ ਕੀ ਤਿਆਰੀ ਕੀਤੀ ਜਾਵੇ ? ਇਹਨਾਂ ਅਤੇ ਅਜਿਹੇ ਸਭ ਹੋਰ ਸਵਾਲਾਂ ਦੇ ਮੁਕੰਮਲ ਜਵਾਬ ਬੜੀ ਦੀਰਘ ਵਿਚਾਰ ਨਾਲ ਅਤੇ ਸੁਆਦਲੇ ਅੱਖਰਾਂ ਵਿਚ ਲੇਖਕ ਜੀ ਨੇ ਇਸ ਪੁਸਤਕ ਵਿਚ ਦਿੱਤੇ ਹਨ।

ਹਰ ਉਹ ਸ਼ਖਸ ਜੋ ਆਪ ਅੱਛਾ ਸਪੀਕਰ ਬਣਨ ਦਾ ਖਾਹਿਸ਼ਮੰਦ ਹੋਵੇ ਜਾਂ ਸਪੀਕਰਾਂ ਪੁਰ ਟੀਕਾਟਿਪਣੀ ਅਤੇ ਨੁਕਤਾਚੀਨੀ ਕਰਨਾ ਆਪਣਾ ਹੱਕ ਸਮਝਦਾ ਹੋਵੇ, ਉਸ ਲ਼ਈ ਇਸ ਪੁਸਤਕ ਨੂੰ ਪੜ੍ਹਨਾ ਜ਼ਰੂਰੀ ਹੈ।

ਪੰਜਾਬੀ ਸਹਿਤ ਵੱਲੋਂ ਮੈਂ ਅਜਿਹੀ ਪੁਸਤਕ ਨੂੰ ਜੀਓ ਆਇਆਂ ਕਹਿੰਦਾ ਹਾਂ—

ਅਭੈ ਸਿੰਘ
ਅੰਮ੍ਰਿਤਸਰ ਬੀ. ਏ. ਬੀ. ਟੀ. ਐਲ. ਐਲ. ਬੀ.
੨੯-੯-੪੫ ਐਡੀਟਰ 'ਕੰਵਲ'

ਬਾਣੀ ਦਾ ਬਲ

ਵੇਦ, ਉਪਨਿਸ਼ਦ, ਸ਼ਾਸਤ੍ਰ, ਬਾਈਬਲ ਕੁਰਾਨ ਤੇ ਗੁਰਬਾਣੀ ਸਾਰੇ ਇਸ ਗੱਲ 'ਤੇ ਸਹਿਮਤ ਹਨ ਕਿ ਸੰਸਾਰ ਦੀ ਉਤਪਤੀ ਸ਼ਬਦ ਤੋਂ ਹੋਈ ਹੈ। ਸਿਰਜਣਹਾਰ ਨੇ ਪਹਿਲਾਂ ਸ਼ਬਦ ਪੈਦਾ ਕੀਤਾ ਤੇ ਉਸ ਸ਼ਬਦ ਦੇ ਬਲ ਨਾਲ ਮਖਲੂਕ ਬਣਾਈ। ਭਾਵੇਂ ਉਸ ਸ਼ਬਦ ਦੀ ਮਾਦੀ ਸੂਰਤ (Material Form) ਨੂੰ ਕੋਈ 'ਓਮ' ਤੇ ਕੋਈ 'ਕੁਞ' ਪਿਆ ਆਖੇ ਪਰ ਇਸ ਗੱਲ 'ਤੇ ਤਾਂ ਕਿਸੇ ਨੂੰ ਇਨਕਾਰ ਨਹੀਂ ਨਾ, ਕਿ ਕਰਤਾ ਪੁਰਖ ਨੂੰ ਕਿਰਤ ਕਰਨ ਤੋਂ ਪਹਿਲੇ ਸ਼ਬਦ ਕੀਤਾ। ਫ਼ਲਸਫ਼ੀ ਤੇ ਵਿਗਿਆਨਕ ਖੋਜੀ ਦੋਵੇਂ ਇਸ ਗੱਲ ਨੂੰ ਮੰਨਦੇ ਹਨ ਕਿ ਸ਼ਬਦ ਗੁਪਤ ਰੂਪ ਵਿਚ ਪ੍ਰਕਿਰਤੀ ਦੇ ਜ਼ਰੇ ਜ਼ਰੇ ਵਿਚ ਸਮਾ ਰਿਹਾ ਹੈ। ਸੂਫੀ ਇਸ ਨੂੰ 'ਸੌਂ ਤੇ ਸਰਮਦੀ' ਕਹਿੰਦੇ ਹਨ। ਉਹਨਾਂ ਦਾ ਖ਼ਿਆਲ ਹੈ ਕਿ ਇਹ ਗੁਪਤ ਸ਼ਬਦ ਸੰਸਾਰ ਦੀ ਜ਼ਾਹਿਰ ਚਾਲ ਨੂੰ ਓਹਲੇ ਬੈਠਾ ਚਲ ਰਿਹਾ ਹੈ। ਇਸ ਗੱਲ ਦਾ ਪਤਾ ਤਾਂ ਅਧਿਆਤਮਕ ਵਾਦੀਆਂ ਨੂੰ ਹੀ ਹੋਵੇਗਾ ਪਰ ਇਹ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਕਿ ਪ੍ਰਗਟ ਜਗਤ ਦੇ ਸਾਰੇ ਕਾਰੋਬਾਰ 'ਤੇ ਕਬਜਾ ਬਾਣੀ ਦਾ ਹੀ ਹੈ। ਮਨੁੱਖ ਜੀਵਨ ਦੇ ਤਿੰਨ ਪਹਿਲੂਆਂ ਵਿੱਚੋਂ, ਜੋ ਧਾਰਮਿਕ ਸਮਾਜਿਕ ਤੇ ਪੋਲੀਟੀਕਲ ਹਨ, ਕਿਸੇ ਨੂੰ ਵੀ ਵੇਖੋ, ਹਰ ਇਕ ਵਿਚ ਸਫਲਤਾ ਦਾ ਭੇਦ ਬਾਣੀ ਦੇ ਬਲ ਵਿਚ ਹੀ ਬੰਦ ਹੈ। ਧਾਰਮਿਕ ਜਗਤ ਵਿਚ ਤਾਂ ਰਸਪੂਰਤ ਬਾਣੀ ਉਚਾਰਣ ਤੇ ਗੌਣ ਵਾਲਿਆਂ ਨੇ ਹੀ ਲੋਕਾਂ ਦੇ ਮਨਾਂ 'ਤੇ ਕਬਜਾ ਕੀਤਾ ਹੈ। ਸਮਾਜਿਕ ਜੀਵਨ ਵਿਚ ਜਿਥੇ ਵੀ ਸਫਲਤਾ ਦਿਸ ਆਵੇਗੀ, ਉਥੇ ਮਿੱਠੇ ਬੋਲਣ ਦਾ ਵਰਤਾਰਾ ਹੋ ਰਿਹਾ ਦਿਸੇਗਾ। ਪੱਥਰ ਦਿਲਾਂ ਨੂੰ ਮੋਮ ਕਰ ਕੇ ਆਪਣਾ ਕੰਮ ਕੱਢ ਲੈਣਾ, ਮਿਠ ਬੋਲਿਆਂ ਦਾ ਖੱਬੇ ਹੱਥ ਦਾ ਕੰਮ ਹੈ। ਪੰਜਾਬੀ ਦੀ ਸਾਦੀ

ਰਸ ਭਰੀ ਕਵਿਤਾ ਕਹਿਣ ਵਾਲੇ ਕਵੀ 'ਬਰਦਾ' ਨੇ ਇਸ ਖਿਆਲ ਨੂੰ ਇਉਂ ਕਿਹਾ ਹੈ"ਨਾਲ ਆਜਜ਼ੀ ਦੇ ਕੰਨ ਕੱਢ ਲੈਂਦੇ, ਰਸਾ ਚੂਸ ਲੈਂਦੇ ਮਿੱਠੀ ਜੀਭ ਵਾਲੇ। ਬਰਦਾ ਸੈਆਂ ਦਰਖ਼ਤਾਂ ਦੀ ਕਰੇ ਰਾਖੀ, ਪੱਕੇ ਮੇਵਾ ਤੇ ਖਾਣ ਨਸੀਬ ਵਾਲੇ।"

ਜੀਵਨ ਦੀ ਡੂੰਘਾਈ ਵਿਚ ਜਾ ਕਵੀ ਬੋਲ ਉਠਿਆ ਹੈ ਕਿ ਭਾਵੇਂ ਦਰਖ਼ਤਾਂ ਦੀ ਰਾਖੀ ਤਾਂ ਕਈ ਲੋਕ ਕਰਦੇ ਹਨ ਪਰ ਫਲ ਕੋਈ ਖੁਸ਼ਨਸੀਬ ਹੀ ਖਾਂਦਾ ਏ। ਉਹ ਵਡਭਾਗਾ ਮਿੱਠੀ ਜੀਭ ਵਾਲਾ ਸ਼ੀਰੀਂ ਕਲਾਮ੍ਹ ਮਨੁੱਖ ਹੀ ਹੋ ਸਕਦਾ ਹੈ, ਜਿਸ ਨੂੰ ਕੁਦਰਤ, ਸੰਸਾਰ ਦੇ ਮਿੱਠੇ ਰਸ ਚੂਸਣ ਦੀ ਅਵਸਰ ਦੇਂਦੀ ਹੈ।

ਇਹੋ ਹੀ ਹਾਲ ਪੋਲੀਟੀਕਲ ਜਗਤ ਵਿਚ ਵਰਤ ਰਿਹਾ ਹੈ। ਜਿਹੜੀਆਂ ਰਾਜਨੀਤਕ ਗੰਢਾ ਤਲਵਾਰਾਂ ਨਹੀਂ ਖੋਹਲ ਸਕਦੀਆਂ, ਉਹਨਾਂ ਨੂੰ ਚਤੁਰ ਨੀਤੀਵਾਨ ਖੋਲ੍ਹ ਕੇ ਦਿਖਾ ਦੇਂਦੇ ਹਨ। ਸੰਸਾਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦਾਨਾ ਵਜ਼ੀਰਾਂ ਤੇ ਹੁਸ਼ਿਆਰ ਸਫੀਰਾਂ ਦੀਆਂ ਗੱਲਾਂ-ਬਾਤਾਂ ਨੇ ਬੜੇ-ਬੜੇ ਚਕ੍ਰਵਰਤੀ ਰਾਜਾਂ ਵਿਚ ਪਲਟੇ ਲਿਆ ਦਿੱਤੇ। ਇਕ ਸੋਹਣੇ ਢੰਗ ਨਾਲ ਬੋਲਣ ਵਾਲਾ ਤੇ ਆਪਣਾ ਤਕਰੀਰ ਨਾਲ ਜੋਸ਼ ਪੈਦਾ ਕਰਨ ਵਾਲਾ ਕਮਾਂਡਰ ਥੋੜ੍ਹ ਸਿਪਾਹੀਆਂ ਨੂੰ ਭਾਰੀ ਫ਼ੌਜਾਂ ਨਾਲ ਲੜਾ ਸਕਦਾ ਹੈ। ਇਕ ਜਾਦੂ ਬਿਆਨ ਲੀਡਰ ਕਮਜ਼ੋਰ, ਸ਼ਸਤ੍ਰਹੀਨ ਤੇ ਭੁੱਖੇ ਇਨਸਾਨਾਂ ਦਾ ਮੱਥਾ ਪਰਬਤਾਂ ਨਾਲ ਲਗਾ ਸਕਦਾ ਹੈ। ਸੰਗ-ਦਿਲ ਜਰਵਾਣੇ, ਜਿਨ੍ਹਾਂ ਨੂੰ ਕਦੀ ਤਰਸ ਨਾ ਆਵੇ, ਕਈ ਵਾਰ ਇਕ ਫਿਕਰੇ ਦੀ ਮਾਰ ਨਾਲ ਚਿੱਤ ਹੋ ਜਾਂਦੇ ਹਨ। ਕਹਿੰਦੇ ਹਨ ਕਿ ਜਦ ਔਰੰਗਜ਼ੇਬ ਦਿੱਲੀ ਦੇ ਤਖ਼ਤ 'ਤੇ ਰਾਜ ਕਰਦਾ ਸੀ, ਤਾਂ ਉਸ ਨੇ ਆਪਣੀ ਕਰਮ-ਕਾਂਡੀ ਤਬੀਅਤ ਦੇ ਵਸ ਹੋ ਕਵੀ ਦਰਬਾਰਾਂ ਦੀ ਮਨਾਹੀ ਕਰ ਦਿੱਤੀ। ਸ਼ਹਿਨਸ਼ਾਹ ਦੇ ਹੁਕਮ ਅਨੁਸਾਰ ਮੁਸ਼ਾਹਿਰੇ ਢੇਰ ਚਿਰ ਬੰਦ ਰਹੇ। ਕਵੀ ਆਪਣੇ ਮਨਾਂ ਵਿਚ ਕੁੜ੍ਹਦੇ ਰਹੇ ਤੇ ਰਸਿਕ ਸਰੋਤੇ ਤਰਕਰੀਰਾਂ ਨੂੰ ਰੋਂਦੇ ਰਹੇ ਪਰ ਕਿਸੇ ਵਿਚ ਜੁਰਅਤ ਨਹੀਂ ਸੀ ਕਿ ਬਾਦਸ਼ਾਹ ਨੂੰ ਕੁਝ ਆਖ ਸਕੇ। ਓੜਕ ਇਕ ਸਵੇਰ, ਲਾਹੌਰ ਟਿਕਿਆ

ਹੋਇਆ ਸ਼ਹਿਨਸ਼ਾਹ, ਸ਼ਾਲਾਮਾਰ ਬਾਗ਼ ਵਿਚ ਟਹਿਲ ਰਿਹਾ ਸੀ। ਉਸ ਦੇ ਅੱਗੇ ਅੱਗੇ ਕਵੀ ਰਾਜ ਕੁਮਾਰੀ 'ਜ਼ੇਬੁਲ ਨਸਾ' ਭੀ ਬਗੀਚੇ ਦੀ ਸੈਰ ਕਰ ਰਹੀ ਸੀ। ਇਕ ਟਾਹਣੀ 'ਤੇ ਬੈਠੀ ਇਕ ਬੁਲਬੁਲ ਗਾ ਰਹੀ ਸੀ ਕਿ ਸ਼ਾਹਜ਼ਾਦੀ ਨੇ ਬੁਲਬੁਲ ਵਲ ਤੱਕ ਕੇ ਕਿਹਾ, 'ਹੇ ਮਿੱਠ ਬੋਲੀ ਬੁਲਬੁਲ! ਰਤਾ ਸਜਿਹੇ ਬੋਲ, ਬਾਦਸ਼ਾਹ ਦਾ ਕੋਮਲ ਮਿਜਾਜ਼ ਉੱਚੇ ਗਾਣੇ ਨੂੰ ਨਹੀਂ ਸਹਾਰ ਸਕਦਾ[1]।' ਇਹ ਹੈ ਜਿੱਤ ਬਾਣੀ ਦੀ, ਜਿਸ ਨੇ ਔਰੰਗਜ਼ੇਬ ਜਿਹੇ ਸ਼ਰਈ ਦੇ ਮਨ ਨੂੰ ਇਕੋ ਹੀ ਬਾਣ ਨਾਲ ਵਿੰਨ੍ਹ ਸੁੱਟਿਆ। ਏਥੇ ਹੀ ਬਸ ਨਹੀਂ, ਇਕ ਇਸ ਤੋਂ ਭੀ ਸਵਾਦਲਾ ਜ਼ਿਕਰ ਆਉਂਦਾ ਹੈ ਕਿ ਜਦੋਂ ਨਾਦਰ ਸ਼ਾਹ ਦੁਰਾਨੀ ਦਿੱਲੀ ਵਿਚ ਕਤਲਾਮ ਕਰ ਰਿਹਾ ਸੀ ਤੇ ਉਸ ਦੇ ਸਿਪਾਹੀ ਬਨ ਵਿਤਕਰਿਓਂ ਹਰ ਸਾਹਮਣੇ ਆਏ ਬਾਲ ਬਿਰਧ, ਨਰ ਨਾਰੀ ਨੂੰ ਕਤਲ ਕਰ ਰਹੇ ਸਨ, ਤਾਂ ਮੁਹੰਮਦ ਸ਼ਾਹ ਰੰਗੀਲੇ ਦੇ ਵਜ਼ੀਰ ਆਸਫ ਸ਼ਾਹ ਨੇ ਨਾਦਰ ਸ਼ਾਹ ਦੇ ਸਾਹਮਣੇ ਜਾ ਇਉਂ ਕਿਹਾ—[2] "ਹੁਣ ਜੀਊਂਦਾ ਤਾਂ ਕੋਈ ਰਿਹਾ ਨਹੀਂ ਜਿਸ ਨੂੰ ਤੂੰ ਕਤਲ ਕਰ ਸਕੇਂ, ਹਾਂ ਜੇ ਅਜੇ ਵੀ ਰੱਜਿਆ ਨਹੀਂ ਤਾਂ ਮੁਰਦਿਆਂ ਨੂੰ ਜ਼ਿੰਦਾ ਕਰ ਕਰ ਕਤਲ ਕਰੀ ਜਾਂ।" ਲਿਖਿਆ ਹੈ ਕਿ ਨਾਦਰ ਨੇ ਇਹ ਗੱਲ ਸੁਣਦਿਆਂ ਹੀ ਕਤਲਾਮ ਦਾ ਹੁਕਮ ਬੰਦ ਕਰ ਦਿੱਤਾ। ਜੇ ਅਜਿਹੇ ਵਾਕਿਆਤ ਦੀ, ਜਿਨ੍ਹਾਂ ਵਿਚ ਕਲਾਮ ਦੇ ਜਾਦੂ ਅਸਰਾਂ ਦਾ ਜ਼ਿਕਰ ਕੀਤਾ ਗਿਆ ਹੈ। ਲੜੀ ਲਿਖੀ ਜਾਏ ਤਾਂ ਉਹਦੇ ਲਈ ਇਕ ਸੁਤੰਤਰ ਪੁਸਤਕ ਦੀ ਲੋੜ ਪਵੇਗੀ ਇਥੇ ਸਿਰਫ਼ ਇੰਨਾਂ ਹੀ ਦੱਸਣਾ ਕਾਫੀ ਹੈ ਕਿ ਬਾਣੀ ਦੇ ਬਲ ਅੱਗੇ ਕੀ ਸ਼ਰਈ ਤੇ ਕੀ ਜਾਬਰ ਕੋਈ ਨਹੀਂ ਟਿਕ ਸਕਦਾ। ਪਰਮ ਸੰਤ 'ਕਬੀਰ' ਨੇ ਆਪਣੇ ਮੁਰਸ਼ਦ ਦੀ ਬਾਣੀ ਸੁਣਦਿਆਂ ਕਿਹਾ ਸੋਹਣਾ ਕਿਹਾ ਹੈ।[3] ਸੂਰਮੇ ਸਤਿਗੁਰੂ

---

੧. ਐ ਬੁਲਬੁਲੇ ਖੁਸ਼ ਇਲਹਾਂ, ਆਹਿਸਤਾ ਬਲ ਬਜੁੰਬਾਂ, ਆਲੀ ਮਿਜ਼ ਜਿ ਸ਼ਾਹਾਂ ਤਾਬਿ ਸੁਖਨ ਨਾਦਾਰੰਦ।

੨. ਕਸ ਨਮਾਂਦ ਜ਼ਿਦਾ ਕਿ ਕੁਸ਼ਤਾਇ ਨ ਜ਼ਾਕੁਨੀ,
ਹਾਂ ਕਿ ਮੁਰਦਾ ਕੁਨੀ ਜ਼ਿੰਦਾ ਉਹ ਕੁਸ਼ਤਾ ਬਾਜ਼ ਕੁਨੀ।

੩. ਕਬੀਰ ਸਤਿਗੁਰ ਸੂਰਮੇਂ ਬਾਹਿਆ ਬਾਨ ਜੋ ਏਕ ॥
ਲਾਗਤ ਹੀ ਭੋਇਂ ਗਿਰ ਪੜਾ, ਪੜਾ ਕਲੇਜੇ ਛੇਕ ॥

ਨੇ ਕਬੀਰ ਨੂੰ ਇਕੋ ਹੀ ਬਾਣੀ ਦਾ ਬਾਣ ਵਾਹਿਆ ਹੈ, ਜਿਸ ਦੇ ਲਗ ਦਿਆਂ ਹੀ ਕਲੇਜੇ ਵਿਚ ਛੇਕ ਪੈ ਗਿਆ ਤੇ ਮੈਂ ਧਰਤੀ 'ਤੇ ਜਾਂ ਡਿੱਗਾ ਹਾਂ।' ਕਬੀਰ ਦੇ ਮੁਰਸ਼ਦ ਨੇ ਤਾਂ ਸ਼ਾਇਦ ਕੋਈ ਆਤਮ ਗਿਆਨ ਦੀਆਂ ਗੱਲਾਂ ਤੇ ਮਿੱਠੇ-ਮਿੱਠੇ ਉਪਦੇਸ਼ ਹੀ ਦਿੱਤੇ ਹੋਣ ਪਰ ਬੋਲਣ ਵਾਲੇ ਤਾਂ ਜੇ ਖ਼ਾਸ ਅਦਾ ਵਿਚ ਕਿਸੇ ਨੂੰ ਕੌੜੀਆਂ ਗੱਲਾਂ ਵੀ ਕਹਿ ਦੇਣ, ਤਾਂ ਉਹ ਭੀ ਸੁਣਨ ਵਾਲੇ ਨੂੰ ਸ਼ੱਕਰੋਂ ਵੱਧ ਮਿੱਠੀਆਂ ਲਗਦੀਆਂ ਹਨ। ਹਾਫਜ਼ ਸ਼ੀਰਾਜ਼ੀ ਇਕ ਥਾਂ ਇਸ ਗੱਲ ਨੂੰ ਇਉਂ ਲਿਖਦਾ ਹੈ '੪ਤੂੰ ਮੈਨੂੰ ਕੌੜੇ ਬਚਨ ਕਹੇ ਹਨ ਪਰ ਮੈਨੂੰ ਠੰਢ ਪਈ ਹੈ। ਅੱਲਾ ਬਖਸ਼ੀਂ! ਭਲਾ ਕੀਤਾ ਈ, ਸ਼ੱਕਰ ਜਿਹੇ ਮਿੱਠੇ ਲਬਾਂ ਤੋਂ ਕੁਝ ਤਲਖ ਜਵਾਬ ਮਿਲਣ ਅਜੇਹੇ ਹੀ ਸਵਾਦਲੇ ਹਨ, ਜਿੱਦਾਂ ਸ਼ੱਕਰ ਖਾਣ ਪਿੱਛੋਂ ਕੋਈ ਚਟਪਟੀ ਚੀਜ਼ ਖਾਈਏ।'

ਨਿਰੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਧੜੇ ਹੀ ਕਲਾਮ ਦੇ ਬਲ ਨੂੰ ਨਹੀਂ ਮੰਨਦੇ, ਸਗੋਂ ਫ਼ਲਾਸਫ਼ੀ ਭੀ ਇਸ ਦੇ ਕਾਇਲ ਹਨ, ਇਹੀ ਕਾਰਨ ਹੈ ਕਿ ਕੁਲ ਫ਼ਲਸਫ਼ਿਆਂ ਦਾ ਫ਼ਲਸਫ਼ਾ ਨਿਆਏ (Logic) ਸ਼ਬਦ ਪ੍ਰਮਾਣ ਨੂੰ ਬੜੀ ਵਿਸ਼ੇਸ਼ਤਾ ਦੇਂਦਾ ਹੈ। ਮੰਤਕ ਦਾ ਖ਼ਿਆਲ ਹੈ ਕਿ ਆਵਾਜ਼ ਜੇ ਇਕ ਤਬਕ ਲਈ ਨਿਰੀ ਅਵਾਜ਼ ਦਾ ਹੀ ਕੰਮ ਦੇਂਦੀ ਹੈ, ਤਾਂ ਦੂਜੇ ਲਈ ਰੌਸ਼ਨੀ ਦਾ ਭੀ। ਇਸ ਦਾ ਮਤਲਬ ਇਹ ਹੈ ਕਿ ਸੁਜਾਖਿਆਂ ਨੂੰ ਹਨ੍ਹੇਰੇ ਵਿਚ ਤੇ ਅੰਨ੍ਹਿਆਂ ਨੂੰ ਹਰ ਥਾਂ ਕੇਵਲ ਅਵਾਜ਼ ਹੀ ਅਗਵਾਈ ਦੇਂਦੀ ਹੈ। ਉਹ ਉਸ ਬੋਲ ਦੇ ਬਲ 'ਤੇ ਹੀ ਜੋ ਉਨ੍ਹਾਂ ਨੇ ਸੁਣਿਆ ਹੁੰਦਾ ਹੈ, ਆਪਣੀ ਕੋਲ ਕਿਰਿਆ ਨਿਭਾਂਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਸ਼ਬਦ ਪ੍ਰਮਾਣ ਨਾ ਕੀਤਾ ਜਾਏ, ਤਾਂ ਸੰਸਾਰ ਦਾ ਕੋਈ ਕੰਮ ਚਲੀ ਹੀ ਨਾ ਸਕੇ। ਨਿਗਾਹ ਦੀ ਗਮਤਾ ਤਾਂ ਬਹੁਤ ਨੇੜੇ ਤਕ ਹੀ ਰਹਿ ਜਾਂਦੀ ਹੈ। ਜੇ ਦ੍ਰਿਸ਼ ਅਤਿ ਨੇੜੇ, ਅਤਿ ਦੂਰ ਜਾਂ ਪਰਦੇ ਦੇ ਪਿੱਛੇ ਹੋਵੇ, ਤਾਂ ਇਹ ਉਸ ਨੂੰ ਦੇਖ ਜੀ ਨਹੀਂ ਸਕਦੀ। ਨਿਗਾਹ ਦੀ ਛੋਟੀ ਜਿਹੀ

---

੪. *ਬਦਮਸੁਫਤੀ ਓਖੁਰਸੰਦਮ, ਅਫਾਕ ਅੱਲਾ ਨਿਕੋਗੁਫਤੀ ਜਵਾਬੇ ਤਲਖ ਮੀ ਜ਼ੇਬਦ ਲਲੇ ਸ਼ਕਰ ਖਾਂ ਰਾ।*

ਦੁਨੀਆਂ ਤੋਂ ਪਰ੍ਹਾਂ ਦਾ ਵਿਹਾਰ ਸਾਰਾ ਹੀ ਸ਼ਬਦ ਪ੍ਰਮਾਣ ਦੇ ਆਸਰੇ ਚੱਲਦਾ ਹੈ। ਕੋਈ ਕਹਿੰਦਾ ਹੈ ਤੇ ਦੂਜਾ ਉਸ ਨੂੰ ਮੰਨ ਕਿ ਉਸ ਕਥਨ ਦੇ ਆਸਰੇ ਕੰਮ ਵਿਚ ਪ੍ਰਵਿਰਤ ਹੁੰਦਾ ਹੈ।

ਕੰਮ ਕਾਰ ਤੋਂ ਬਿਨਾਂ ਮਨੁੱਖ ਦੀ ਆਪਣੀ ਸ਼ਖਸੀਅਤ ਭੀ ਬਾਣੀ ਦੀ ਰਾਹੀਂ ਹੀ ਪ੍ਰਗਟ ਹੋ ਸਕਦੀ ਹੈ। ਸ਼ੀਸ਼ੇ ਤੇ ਤਸਵੀਰ ਤੋਂ ਤਾਂ ਮਨੁੱਖ ਦਾ ਸ਼ਰੀਰ ਹੀ ਦਿਸ ਆਉਂਦਾ ਹੈ ਪਰ ਉਸ ਦੀ ਸ਼ਖਸੀਅਤ ਉਸ ਦੇ ਬੋਲ ਤੋਂ ਹੀ ਜਾਚੀ ਜਾ ਸਕਦੀ ਹੈ। ਸ਼ਾਅਦੀ ਕਹਿੰਦਾ ਹੈ—[5]"ਜਦ ਤਕ ਮਨੁੱਖ ਮੂੰਹੋਂ ਨਹੀਂ ਬੋਲੇਗਾ, ਉਸ ਦੀ ਖੂਬੀ ਤੇ ਬੁਰਾਈ ਲੁਕੀ ਰਹੇਗੀ।" ਹਿੰਦੀ ਦੇ ਇਕ ਕਵੀ ਦਾ ਕਹਿਣਾ ਹੈ—[6]"ਇਨਸਾਨ ਤੇ ਇਤਰ ਦੋਵੇਂ ਇਕ ਸੁਭਾਅ ਦੇ ਹਨ। ਚੁੱਪ ਕੀਤਾ ਮਨੁੱਖ ਤੇ ਡਬੀ ਵਿਚ ਪਿਆ ਇਤਰ ਕੋਈ ਸ਼ੋਭਾ ਨਹੀਂ ਪਾਉਂਦਾ। ਖੁਸ਼ਬੂ ਡੱਬੀ ਖੋਲ੍ਹਿਆਂ ਤੇ ਮਨੁੱਖ ਬੋਲਿਆਂ ਹੀ ਪ੍ਰਗਟ ਹੋ ਸਕਦਾ ਹੈ।" ਜੀਵਨ ਨੂੰ ਕਿਸੇ ਪਹਿਲੂ ਤੋਂ ਭੀ ਕਿਉਂ ਨਾ ਵੇਖਿਆ ਜਾਏ, ਉਸ ਦੀ ਕਾਮਯਾਬੀ ਦਾ ਭੇਦ ਬਾਣੀ ਦੇ ਬਲ ਵਿਚ ਹੀ ਬੰਦ ਹੈ।

ਭਾਵੇਂ ਬੋਲਣ ਦਾ ਬਲ ਹੋਰ ਸਮੇਂ ਮਾਣ ਪ੍ਰਾਪਤ ਕਰਦਾ ਰਿਹਾ ਹੈ, ਪਰ ਅੱਜ-ਕਲ੍ਹ ਤਾਂ ਇਸ ਦਾ ਰੰਗ ਬਹੁਤ ਜ਼ੋਰਾਂ 'ਤੇ ਹੈ। ਮਲੂਮ ਹੁੰਦਾ ਹੈ ਕਿ ਜਿਸ ਤਰ੍ਹਾਂ ਇਸ ਮਸ਼ੀਨੀ ਯੁਗ ਵਿਚ ਹਰ ਸ਼ੈ ਤੇਜ਼ੀ ਨਾਲ ਤਰੱਕੀ ਕਰ ਰਹੀ ਹੈ; ਉਦਾਂ ਹੀ ਵਕਤਵਜ ਵੀ ਛਾਲਾਂ ਮਾਰਦਾ ਜਾ ਰਿਹਾ ਹੈ। ਅੱਜ ਦੇ ਸਮੇਂ ਜੀਵਨ ਦਾ ਕੋਈ ਪਹਿਲੂ ਵੀ ਅਜੇਹਾ ਨਹੀਂ, ਜਿਸ ਵਿਚ ਮਨੁੱਖ ਇਸ ਗੁਣ ਤੋਂ ਬਿਨਾਂ ਪੂਰਣ ਸਫਲਤਾ ਪ੍ਰਾਪਤ ਕਰ ਸਕੇ।

ਆਰੰਭ ਤੋਂ ਹੀ ਲੈ ਲਓ, ਕਾਲਜਾਂ ਵਿਚ ਪੜ੍ਹਦੇ ਜਵਾਨ ਮੁੰਡੇ ਕੁੜੀਆਂ ਵਿਚੋਂ ਚੰਗੇ ਖਿਲਾੜ੍ਹੀ, ਗਵੱਈਏ ਅਤੇ ਪੜ੍ਹਾਕੂ ਵੀ ਸਤਕਾਰੇ ਜਾਂਦੇ ਹਨ, ਪਰ ਅਸਲੀ ਅਗਵਾਈ ਉਨ੍ਹਾਂ ਹੀ ਵਿਦਿਆਰਥੀਆਂ ਦੇ ਹੱਥ ਹੁੰਦੀ ਹੈ,

---

੫. ਤਾ ਮੁਰਦੇ ਸੁਖਨ ਨ ਗੁਫਤਾ ਬਾਸ਼ਦ।
ਐਬੋ ਹੁਨਰਸ਼ ਨਿਹੁਫਤਾ ਬਾਸ਼ਦ।

੬. ਸਭਾ ਤੌਂ ਗੁਨੀਅਨ ਕੀ ਵਾਸ਼ਨਾ ਫੁਲਲੈਨ ਕੀ, ਬੋਲੇ ਬਿਨ, ਖੋਲੇ ਬਿਨ ਕੈਸ ਕਰ ਜਾਨੀਏ।

ਜੋ ਚਰਚਾ ਜਿੱਤ ਸਕਣ ਤੇ ਸਾਥੀਆਂ ਦੇ ਇਕੱਠਾਂ ਦੇ ਸਾਹਮਣੇ ਭਾਵ ਪੂਰਤ ਤਕਰੀਰ ਕਰ ਸਕਣ। ਚਰਚਾ ਮੰਡਲੀਆਂ ਹੀ ਬਹੁਤ ਸਾਰੇ ਜਨਤਾ ਦੇ ਆਗੂਆਂ ਦੀ ਸ਼ਖਸੀਅਤ ਦੇ ਪੰਘੂੜੇ ਹੁੰਦੀਆਂ ਹਨ। ਵੱਡੇ-ਵੱਡੇ ਮੈਚ ਜਿੱਤ ਕੇ ਆਏ ਹੋਏ ਖਿਡਾਰੀ, ਜਿਨ੍ਹਾਂ ਕਈ ਸੱਟਾਂ ਸਹਾਰ ਕੇ ਕਈ ਜ਼ਖਮ ਖਾ ਕੇ ਮੈਚ ਜਿੱਤ ਆਪਣੇ ਆਸ਼ਰਮ ਤੇ ਦੇਸ਼ ਦੀ ਇਜ਼ੱਤ ਵਧਾਈ ਹੁੰਦੀ ਹੈ, ਭੀ ਓੜਕ ਚੰਗੇ ਬੋਲਣ ਵਾਲਿਆਂ ਦੇ ਮੁਹਤਾਜ ਹੀ ਹੁੰਦੇ ਹਨ, ਕਿਉਂਕਿ ਉਨ੍ਹਾਂ ਦੇ ਵਕਤਵਜ ਬਲ ਤੋਂ ਬਿਨਾਂ ਖਿਡਾਰੀ ਦੀ ਘਾਲ ਨੂੰ ਨਾ ਲੋਕ ਚੰਗੀ ਤਰ੍ਹਾਂ ਜਾਣ ਸਕਦੇ ਹਨ ਤੇ ਨਾ ਮੁਲ ਪਾ ਸਕਦੇ ਹਨ।

ਇਹੋ ਹੀ ਸੂਰਤ ਵਿਚ ਦਾਖ਼ਲ ਹੋਣ ਤੋਂ ਬਾਅਦ ਵਾਪਰਦੀ ਹੈ। ਸਭਯ ਤੇ ਤਰੱਕੀ ਯਾਫਤਾ ਮੁਲਕਾਂ ਵਿਚ ਤਾਂ ਕੋਈ ਭੀ ਮਨੁੱਖ, ਜੋ ਚੰਗਾ ਬੋਲਣ ਵਾਲਾ ਨਾ ਹੋਵੇ, ਜਨਤਾ ਦੀ ਕਿਸੇ ਭੀ ਪਹਿਲੂ ਵਿਚ ਅਗਵਾਈ ਨਹੀਂ ਕਰ ਸਕਦਾ। ਭਾਵੇਂ ਸਾਡਾ ਦੇਸ਼ ਅਜੇ ਬਹੁਤ ਪਿੱਛੇ ਹੈ ਤੇ ਇਥੋਂ ਅਨਪੜ੍ਹਤਾ ਤੇ ਗਰੀਬੀ ਬਹੁਤ ਵੇਰ ਧਨੀਆਂ ਤੇ ਅਖੌਤੀ ਕੁਲੀਨਾਂ ਨੂੰ ਅਗਵਾਈ ਸੌਂਪ ਦੇਂਦੀ ਹੈ, ਪਰ ਫਿਰ ਵੀ ਜਿਉਂ-ਜਿਉਂ ਮੁਲਕ ਵਿਚ ਜਾਗਰਤੀ ਆ ਰਹੀ ਹੈ ਤੇ ਲੋਕ ਅਗਾਂਹ-ਵਧੂ ਖ਼ਿਆਲਾਂ ਦੇ ਹੋ ਰਹੇ ਹਨ, ਬਾਣੀ ਦੇ ਬਲ ਦੀ ਕੀਮਤ ਵੀ ਦਿਨੋਂ ਦਿਨ ਵਧਦੀ ਜਾ ਰਹੀ ਹੈ।

ਅੱਜ ਹਰ ਲੀਡਰ, ਬਾਵਾ ਪੀਰ ਆਪਣੀ ਲੀਡਰੀ ਚਲਾਣ ਤੇ ਪੀਰੀ ਉਗਰਾਹੁਣ ਲਈ ਚੰਗੇ ਬੋਲਣ ਵਾਲਿਆਂ ਨੂੰ ਭਾੜੇ 'ਤੇ ਕੋਲ ਰੱਖਦਾ ਹੈ ਪਰ ਇਸ ਤਰ੍ਹਾਂ ਕੰਮ ਕਦ ਤਕ ਚਲ ਸਕੇਗਾ ? ਦੂਜੇ ਦੀ ਬੋਲ ਬਾਣੀ ਦੇ ਆਸਰੇ ਚੁਣਿਆ ਹੋਇਆ ਲੀਡਰ ਕਰਮ-ਕਸ਼ੇਤਰ ਵਿਚ ਜਾ ਕੇ ਕੀ ਸੇਵਾ ਕਰ ਸਕੇਗਾ? ਅੱਜ-ਕਲ੍ਹ ਦੀਆਂ ਮਿਉਂਸਪਲ ਕਮੇਟੀਆਂ ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੈਂਬਲੀਆਂ, ਆਪਣੇ ਹਰ ਮੈਂਬਰ ਤੋਂ ਚੰਗਾ ਬੁਲਾਰਾ ਹੋਣ ਦੀ ਆਸ ਰੱਖਦੀਆਂ ਹਨ ਤੇ ਜੋ ਮੈਂਬਰ ਮੁਲਕ ਦੇ ਮੰਦੇ ਭਾਗਾਂ ਨੂੰ ਬੋਲਣਾ ਤੇ ਨਹੀਂ ਜਾਣਦੇ ਪਰ ਪੈਸੇ ਜਾਂ ਬਰਾਦਰੀ ਦੇ ਬਲ ਦੇ ਨਾਲ ਮੈਂਬਰ ਚੁਣੇ ਜਾਂਦੇ ਹਨ, ਉਨ੍ਹਾਂ ਦੀ ਅਵਸਥਾ ਸਭਾਵਾਂ ਦੇ ਸਮਾਗਮਾਂ ਸਮੇਂ ਦੇਖਣ ਯੋਗ ਹੀ ਹੁੰਦੀ ਹੈ। ਉਹ ਆਪਣੇ ਚੋਣਕਾਰ

ਹਲਕਿਆਂ ਦੀਆਂ ਮੰਗਾਂ ਨੂੰ ਸਮਾਗਮ ਵਿਚ ਪੇਸ਼ ਕਰਨ ਤੋਂ ਅਸਮਰਥ ਹੋ ਕੇ, ਵੋਟਰ ਦੀਆਂ ਨਿਗਾਹਾਂ ਵਿੱਚੋਂ ਜਲਦੀ ਹੀ ਗਿਰ ਜਾਂਦੇ ਹਨ। ਉਨ੍ਹਾਂ ਨੂੰ ਸਦਾ ਹੀ ਸਭਾ 'ਚੋਂ ਚੰਗੇ ਬੋਲਣ ਵਾਲੇ ਦੇ ਪਿੱਛੇ ਤੁਰਨਾ ਪੈਂਦਾ ਹੈ।

ਸਾਡੇ ਦੇਸ਼ ਵਿਚ ਅੱਜ-ਕਲ੍ਹ ਹੋ ਰਹੀ ਰਾਜਨੀਤਕ ਭੱਜ-ਦੌੜ ਵਿਚ ਹਰ ਰੋਜ਼ ਪ੍ਰਗਟ ਹੁੰਦਾ ਹੈ ਕਿ ਜਿਨ੍ਹਾਂ ਪਾਰਟੀਆਂ ਕੋਲ ਚੰਗੇ ਬੋਲਣ ਵਾਲੇ ਹਨ, ਉਹ ਥੋੜ੍ਹੇ ਸਾਧਨਾਂ ਨਾਲ ਹੀ ਵਧੇਰੇ ਸਫਲਤਾ ਪ੍ਰਾਪਤ ਕਰ ਜਾਂਦੀਆਂ ਹਨ। ਕੌਣ ਨਹੀਂ ਜਾਣਦਾ ਕਿ ਪੰਜਾਬ ਦੀਆਂ ਪੋਲੀਟੀਕਲ ਪਾਰਟੀਆਂ ਵਿੱਚੋਂ ਅਕਾਲੀ ਤੇ ਅਹਿਰਾਰ ਦੋ ਅਜਿਹੇ ਧੜੇ ਹਨ, ਜਿਨ੍ਹਾਂ ਵਿਚ ਬਾਹਲੇ ਗਰੀਬ ਮਜ਼ਦੂਰ ਕਿਸਾਨ ਹੀ ਸ਼ਾਮਲ ਹਨ। ਆਜ਼ਾਦ ਖ਼ਿਆਲ ਹੋਣ ਕਰ ਕੇ ਉਨ੍ਹਾਂ ਦੀ ਧਨੀਆਂ ਨਾਲ ਬਣ ਨਹੀਂ ਆਉਂਦੀ, ਪੈਸਿਆਂ ਦੀ ਥੁੜ੍ਹ ਕਰ ਕੇ ਪ੍ਰੈਸ ਦਾ ਬਲ ਉਨ੍ਹਾਂ ਕੋਲ ਨਹੀਂ ਪਰ ਇਹ ਕੇਵਲ ਵਕਤਵਜ ਹੀ ਹੈ ਕਿ ਜਿਸ ਦੇ ਆਸਰੇ ਉਹ ਰਾਜਨੀਤਕ ਕਸ਼ੇਤਰ ਵਿਚ ਡਟੇ ਹੋਏ ਹਨ।

ਕਿਸੇ ਪਾਰਟੀ ਦੇ ਲੀਡਰ ਦਾ ਚੰਗਾ ਬੁਲਾਰਾ ਨਾ ਹੋਣਾ, ਉਸ ਦੀ ਭਾਰੀ ਬਦਕਿਸਮਤੀ ਹੁੰਦੀ ਹੈ ਤੇ ਬਹੁਤ ਵੇਰ ਭਾਰੀਆਂ ਕੁਰਬਾਨੀਆਂ ਤੇ ਭਜ-ਦੌੜ ਵੀ ਕਿਸੇ ਪਾਰਟੀ ਨੂੰ ਚੋਟੀ ਤੋਂ ਗਿਰਾ ਦੇਂਦੀ ਹੈ, ਜਦੋਂ ਉਸ ਦਾ ਲੀਡਰ ਜਨਤਾ ਦੇ ਸਾਹਮਣੇ ਆਪਣੇ ਭਾਵ ਨੂੰ ਚੰਗੀ ਤਰ੍ਹਾਂ ਨਾ ਰੱਖ ਸਕੇ। ਜਿਸ ਤਰ੍ਹਾਂ ਖੂਬਸੂਰਤ ਮੋਰ ਆਪਣੇ ਜੋਬਨ 'ਤੇ ਮਾਨ ਕਰਦਾ ਤੇ ਪੈਲਾਂ ਪਾਉਂਦਾ ਹੋਇਆ, ਜਦੋਂ ਪੈਰਾਂ ਵੱਲ ਦੇਖਦਾ ਹੈ, ਤਾਂ ਰੋ ਪੈਂਦਾ ਹੈ, ਇਹੋ ਹੀ ਹਾਲਤ ਚੰਗੇ ਬੁਲਾਰੇ ਆਗੂ ਤੋਂ ਬਿਨਾਂ ਪਾਰਟੀਆਂ ਦੀ ਹੁੰਦੀ ਹੈ। ਉਹ ਜਮ ਇਟਾਂ ਓੜਕ ਬਾਜੀ ਨੂੰ ਹਾਰ ਬੈਠਦੀਆਂ ਹਨ, ਜਿਨ੍ਹਾਂ ਵਿਚ ਵਕਤਵਜ ਦਾ ਬਲ ਪੂਰਾ-ਪੂਰਾ ਨਾ ਹੋਵੇ।

ਰਾਜਨੀਤ ਦੇ ਮਗਰੋਂ ਸਮਾਜ ਦੇ ਨਿਰਬਾਹ ਦਾ ਵੱਡਾ ਸਾਧਨ ਵਪਾਰ ਹੈ, ਪਰ ਅੱਜ ਦਾ ਵਪਾਰ ਵੀ ਬੋਲਣ ਦਾ ਕਿੰਨਾ ਮੁਹਤਾਜ ਹੈ, ਇਸ ਪ੍ਰਸ਼ਨ ਦਾ ਉੱਤਰ ਵਪਾਰ ਵਿਚ ਵੱਧ ਰਹੀਆਂ ਕੌਮਾਂ ਦੇ ਹਾਲਤ ਪੜ੍ਹਨ

ਤੋਂ ਮਿਲਦਾ ਹੈ। ਵਰਤਮਾਨ ਸਮੇਂ ਵਿਚ ਕੋਈ ਵਪਾਰਕ ਕੰਪਨੀ, ਬੈਂਕ ਜਾਂ ਬੀਮਾਂ ਕੰਪਨੀ ਸਫਲਤਾ ਪ੍ਰਾਪਤ ਨਹੀਂ ਕਰ ਸਕਦੀ, ਜਦ ਤਕ ਕਿ ਉਸ ਲਈ ਚੰਗੇ ਪ੍ਰੇਰਕ ਨਾ ਲੱਭੇ ਜਾਣ। ਅਮਰੀਕਾ ਯੋਰਪ ਤੇ ਜਾਪਾਨ ਵਿਚ ਅੰਤ ਇਹੋ ਜਿਹੇ ਆਸ਼ਰਮ ਖੁਲ੍ਹੇ ਹੋਏ ਹਨ, ਜਿਨ੍ਹਾਂ ਵਿਚ ਵਿਵਹਾਰ ਲਈ ਪ੍ਰੇਰਣਾ ਕਰਨ ਦਾ ਢੰਗ ਸਿਖਲਾਇਆ ਜਾਂਦਾ ਹੈ।

ਇਸ ਲਈ ਮਸ਼ਹੂਰ ਮਾਹਿਰ ਡੇਲ ਕਾਰਨੇਗੀ ਲਿਖਦਾ ਹੈ ਕਿ—"ਉਨੀ ਸੌ ਬਾਰਾਂ ਤੱਕ ਅਠਾਰਾਂ ਹਜ਼ਾਰ ਤੋਂ ਜ਼ਿਆਦਾ ਮਨੁੱਖਾਂ ਨੇ ਮੇਰੇ ਜਨਤਾ ਵਿਚ ਬੋਲਣ ਢੰਗ ਸਿਖਾਣ ਦੇ ਸਬਕਾਂ ਨੂੰ ਲਿਆ ਹੈ।" ਦੁਕਾਨ ਵਿਚ ਭਾਵੇਂ ਕਿਤਨਾ ਵੀ ਵਡਮੁੱਲਾ ਤੇ ਸੁਥਰਾ ਸੌਦਾ ਕਿਉਂ ਨਾ ਹੋਵੇ, ਜਦ ਤਕ ਹਟਵਾਣੀਆਂ ਗਾਹਕ ਨੂੰ ਨਿਸਚਾ ਨਾ ਕਰਾ ਸਕੇ। ਉਸ ਦੀ ਹੱਟੀ ਦਾ ਖਰੀਦਦਾਰ ਦੀ ਲੋੜ ਮੁਤਾਬਿਕ ਤੇ ਸਸਤਾ ਹੈ। ਹੱਟੀ ਦਾ ਕਾਰੋਬਾਰ ਕਦੇ ਸਫਲ ਨਹੀਂ ਹੋ ਸਕਦਾ। ਮੈਂ ਇਕ ਵੇਰ ਆਪਣੇ ਇਹ ਹਕੀਮ ਦੋਸਤ ਤੋਂ ਪੁੱਛਿਆ ਕਿ ਤੁਸੀਂ ਮਰੀਜ਼ ਨੂੰ ਨੁਸਖਾ ਦੱਸਣ ਲੱਗੇ, ਛੋਲਿਆਂ ਦੀਆਂ ਖਿਲਾਂ ਨੂੰ ਮਗਜ਼ੇ ਨਖੁਦ ਇਰੀਆਨ ਕਿਉਂ ਕਹਿੰਦੇ ਹੋ, ਤਾਂ ਉਸ ਹੱਸ ਕੇ ਕਹਿਣ ਲੱਗਾ ਕਿ ਮਰੀਜ਼ ਦਾ ਰੋਗ ਦੁਆਈ ਦੀ ਤਾਸੀਰ ਉਤਨਾ ਨਹੀਂ ਹਟਾਂਦੀ, ਜਿਤਨਾ ਉਸ ਦਾ ਦੁਆਈ 'ਤੇ ਨਿਸਚਾ, ਜਿਸ ਕਰ ਕੇ ਵੈਦਜ ਤੇ ਹਕੀਮ ਲੋਕ ਦੁਆਈਆਂ ਦਾ ਸੰਕੇਤਕ ਨਾਮ ਵਰਤ ਦੇ ਮਰੀਜ਼ ਦਾ ਨਿਸਚਾ ਵਧਾਉਂਦੇ ਹਨ।

ਕੀ ਅਸੀਂ ਰੋਜ਼ ਨਹੀਂ ਵੇਖਦੇ ਕਿ ਗੱਡੀਆਂ ਵਿਚ ਦੁਆਈਆਂ ਵੇਚਣ ਵਾਲੇ ਅਤੇ ਮੇਲਿਆਂ ਤੇ ਸੜਕਾਂ ਪਰ ਮਜਮੇ ਲੱਗਾ ਕੇ ਦੁਆਈਆਂ ਵੇਚਣ ਵਾਲੇ ਏਜੰਟ ਜੋ ਕਾ ਚਕਿਸਤਾ ਪੜ੍ਹੇ ਹੁੰਦੇ ਹਨ ਤੇ ਨਾ ਹੀ ਕੋਈ ਮਰਜ਼ ਤਸ਼ਖੀਸ ਜਾਣਦੇ ਹਨ, ਕੇਵਲ ਆਪਣੀ ਬੋਲ-ਚਾਲ ਦੇ ਆਸਰੇ ਹੀ ਡਾਕਟਰ, ਮੰਤਰੀ, ਜੋਤਸ਼ੀ ਬਣ ਬਹਿੰਦੇ ਹਨ ? ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਜਨਤਾ ਲਈ ਹਾਨੀਕਾਰਕ ਹਨ ਪਰ ਜੇ ਕਿਤੇ ਉਹ ਸੁਚੱਜੇ ਬੋਲਣ ਵਾਲੇ ਸੱਚੀ-ਮੁੱਚੀ ਹਿਕਮਤ ਪੜ੍ਹੇ ਹੋਏ ਹੁੰਦੇ ਜਾਂ ਹਕੀਮਾਂ ਵਾਂਗ ਉਨ੍ਹਾਂ ਨੂੰ ਬੋਲਣਾ ਆਉਂਦਾ ਹੁੰਦਾ, ਤਾਂ ਦੇਸ਼ ਦਾ ਕਿਤਨਾ ਭਲਾ ਹੁੰਦਾ।

ਹਕੀਕਤ ਤਾਂ ਇਹ ਹੈ ਕਿ ਵਪਾਰ ਵਿਚ ਬੋਲਣ ਵਾਲਾ ਕੱਖੋਂ ਲੱਖ ਕਰ ਸਕਦਾ ਹੈ।

ਵਕਤਵਰ ਸ਼ਕਤੀ ਰਾਜਨੀਤੀ ਤੇ ਵਪਾਰ ਤੋਂ ਬਿਨਾਂ ਅੱਜ-ਕਲ੍ਹ ਪਰਸਪਰ ਮੇਲ ਮਿਲਾਪ ਅਤੇ ਸ਼ਖਸੀਅਤ ਵਧਾਣ ਲਈ ਵੀ ਬਹੁਤ ਕੰਮ ਆਉਂਦੀ ਹੈ। ਉਹ ਪੁਰਾਣਾ ਸਮਾਂ ਹੁਣ ਤੇਜ਼ੀ ਨਾਲ ਪਿਛਾਂਹ ਜਾ ਰਿਹਾ ਹੈ, ਜਦ ਜੀਵਨ ਸਾਥੀ ਲਾਟਰੀਆਂ ਨਾਲ ਲੱਭੇ ਜਾਂਦੇ ਸਨ। ਅਨ ਰਿਵਾਜਾਂ ਦੀ ਝੋਲੀ ਵਿਚ ਹੱਥ ਪਾ-ਪਾ ਜਿਨ੍ਹਾਂ ਦੇ ਸੰਜੋਗ ਦੀ ਟਿਕਟ ਨਿਕਲ ਆਵੇ, ਉਹ ਜੋੜ ਦਿੱਤੇ ਜਾਂਦੇ ਸਨ। ਅੱਜ ਅਜਿਹੇ ਕੋਝੇ ਤਰੀਕਿਆਂ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ। ਹੁਣ ਸਾਥੀਆਂ ਦਾ ਚੁਨਾਉ ਗੁਣ, ਕਰਮ ਤੇ ਸੁਭਾਉ ਦੀ ਪਰਖ ਉੱਤੇ ਕਾਇਮ ਕੀਤਾ ਜਾ ਰਿਹਾ ਹੈ। ਪਰਸਪਰ ਮਿਲਾਪ ਲਈ ਮੁਖਤਲਫ਼ ਕਿਸਮ ਦੀਆਂ ਕਲੱਬਾਂ ਬਣ ਰਹੀਆਂ ਹਨ, ਜਿਨ੍ਹਾਂ ਵਿਚ ਮਨੁੱਖਤਾ ਦੇ ਜਾਚਣ ਦਾ ਵੱਡਾ ਪੈਮਾਨਾ ਮਨੁੱਖ ਦੀ ਬੋਲ ਚਾਲ ਹੈ। ਮਿੱਠ ਬੋਲੇ ਹੀ ਮਨਾਂ ਨੂੰ ਜਿੱਤ ਦੇ ਹਨ। ਜਿਉ-ਜਿਉਂ ਸਭਯਤਾ ਵਧੇਗੀ, ਬੋਲ-ਚਾਲ ਦੀ ਉਚਾਈ ਹੀ ਮਨੁੱਖ ਨੂੰ ਉਚਿਆਂ ਕਰੇਗੀ। ਮਨਾਂ ਦੇ ਭਾਵ ਨੂੰ ਬੋਲ-ਚਾਲ ਰਾਹੀ ਦਰਸਾ ਜਾਣਾ, ਅੱਜ ਦਾ ਇਕ ਉੱਚਾ ਕਮਾਲ ਹੈ।

* * *

ਸਾਧਨ

ਪਿੱਛੇ ਇਹ ਵਿਚਾਰ ਹੋ ਚੁੱਕੀ ਹੈ ਕਿ ਬੋਲਣ ਬਲ ਦੀ ਹਰ ਸਮੇਂ ਵਿਚ ਲੋੜ ਰਹੀ ਹੈ ਪਰ ਅੱਜ ਦੇ ਸਮੇਂ ਤਾਂ ਇਸ ਸ਼ਕਤੀ ਦੀ ਖ਼ਾਸ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ ਪਰ ਇਹ ਲੱਭੇ ਕਿਸ ਤਰ੍ਹਾਂ ? ਬਹੁਤ ਸਾਰੇ ਲੋਕ ਇਸ ਖ਼ਿਆਲ ਦੇ ਹਨ ਕਿ ਬੋਲਣਾ ਗਾਵਣ ਵਾਂਗ ਹੀ ਇਕ ਰੱਬੀ ਦਾਤ ਹੈ, ਜੋ ਹਰ ਇਕ ਨੂੰ ਪ੍ਰਾਪਤ ਨਹੀਂ ਹੋ ਸਕਦੀ ਪਰ ਹਕੀਕਤ ਇਹ ਨਹੀਂ। ਗਾਵਣ ਦਾ ਤਅੱਲਕ ਗਲੇ ਨਾਲ ਹੈ ਤੇ ਗਲੇ ਦਾ ਮਧੁਰ ਤੇ ਰਸੀਲਾ ਹੋਣਾ, ਮਨੁੱਖ ਦੇ ਵਸ ਦੀ ਗੱਲ ਨਹੀਂ ਪਰ ਬੋਲਣ ਬਲ ਤਾਂ ਬਾਕਾਇਦਾ ਤਿਆਰੀ ਤੇ ਲਗਾਤਾਰ ਅਭਿਆਸ ਨਾਲ ਹਰ ਮਨੁੱਖ ਪ੍ਰਾਪਤ ਕਰ ਸਕਦਾ ਹੈ।

ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਵਰੋਸਾਏ ਹੋਏ (Genuises) ਤਾਂ ਕੋਈ-ਕੋਈ ਹੁੰਦੇ ਹਨ ਪਰ ਇਹ ਕਾਇਦਾ ਤਾਂ ਦੁਨੀਆਂ ਦੀ ਹਰ, ਵਿਦਿਆਂ ਵਿਚ ਵਰਤਦਾ ਦਿਸ ਆਉਂਦਾ ਹੈ। ਹਰ ਹਿਸਾਬਦਾਨ 'ਨਿਊਟਨ' ਨਹੀਂ ਹੋ ਸਕਦਾ ਅਤੇ ਨਾ ਹੀ ਹਰ ਸਾਇੰਸਦਾਨ 'ਬੋਸ' ਤੇ ਹਰ ਕਵੀ 'ਟੈਗੋਰ' ਪਰ ਇਸ ਦੇ ਇਹ ਅਰਥ ਨਹੀਂ ਕਿ ਹਿਸਾਬ, ਸਾਇੰਸ ਤੇ ਕਵਿਤਾ ਹਰ ਬੋਲਣ ਵਾਲਾ 'ਕੇਸਵ ਚੰਦ੍ਰ ਸੈਨ' 'ਬਿਪਨ ਚੰਦ੍ਰ ਪਾਲ' ਤੇ 'ਪ੍ਰੋਫੈਸਰ ਪੂਰਨ ਸਿੰਘ' ਤਾਂ ਨਹੀਂ ਬਣ ਸਕਦਾ, ਪਰ ਬੋਲਣਾ ਹਰ ਇਕ ਹੀ ਸਿੱਖ ਸਕਦਾ ਹੈ। ਹਾਂ ਸਾਧਨਾਂ ਵੱਲ ਯੋਗ ਧਿਆਨ ਦੇਣਾ ਬੜਾ ਜ਼ਰੂਰੀ ਹੈ।

ਜਦੋਂ ਅਸੀਂ ਬੋਲਣ ਦੇ ਬਲ ਦੇ ਸਾਧਨਾਂ ਵੱਲ ਧਿਆਨ ਮਾਰਦੇ ਹਾਂ, ਤਾਂ ਸਾਨੂੰ ਕਈ ਸਾਧਨ ਦਿਸ ਆਉਂਦੇ ਹਨ। ਉਨ੍ਹਾਂ ਦੀ ਗਿਣਤੀ ਵਕੱਤਜ ਵਿੱਦਿਆ ਦੇ ਵਿਦਵਾਨਾਂ ਨੇ ਅੱਡੋ-ਅੱਡਰੀ ਮੰਨੀ ਹੈ ਪਰ ਅਸੀਂ ਉਹਨੂੰ ਪਹਿਲਾਂ ਤਿੰਨ ਵੱਡੇ ਹਿੱਸਿਆਂ ਵਿਚ ਵੰਡਦ ਹਾਂ ਤੇ ਫਿਰ ਇਕ ਹਿੱਸੇ

ਦੇ ਅੰਗ ਦੱਸ ਕੇ ਉਹਨਾਂ ਪੁਰ ਵਿਸਥਾਰ ਸਹਿਤ ਵਿਚਾਰ ਕਰਾਂਗੇ। ਵੱਡੇ ਤਿੰਨ ਹਿੱਸੇ ਇਹ ਹਨ—

(੧) ਬੋਲਣ ਵਾਲੇ ਦੀ ਸ਼ਖਸੀਅਤ।
(੨) ਪਲੇਰ ਫਾਰਮ (ਬੋਲਣ ਦੀ ਜਗ੍ਹਾ)।
(੩) ਵਿਆਖਿਆਨ।

ਸ਼ਖਸੀਅਤ ਦੇ ਅੰਗ—

(੧) ਹੌਂਸਲਾ।
(੨) ਹਰਕਤਾਂ।
(੩) ਲਿਬਾਸ।
(੪) ਖ਼ੁਰਾਕ।
(੫) ਅਭਿਆਸ।

ਪਲੇਟ ਫਾਰਮ ਦੇ ਅੰਗ—

(੧) ਇਕੱਠ ਦੀ ਥਾਂ।
(੨) ਰੌਸ਼ਨੀ।
(੩) ਹਵਾ।
(੪) ਸਾਮਾਨ।

ਵਿਆਖਿਆਨ ਦੇ ਅੰਗ—

(੧) ਤਿਆਰੀ।
(੨) ਮਜ਼ਮੂਨ।
(੩) ਬੋਲੀ।
(੪) ਜ਼ਬਾਨ ਦੀ ਸਰਲਤਾ।
(੫) ਪ੍ਰਮਾਣ।
(੬) ਪ੍ਰਮਾਣ ਦੀ ਵਿਆਖਿਆ।
(੭) ਤਕਰੀਰ ਦਾ ਆਰੰਭ।
(੮) ਖ਼ਤਮ ਕਰਨਾ।
(੯) ਸਮੇਂ ਦੀ ਪਾਬੰਦੀ।

ਸ਼ਖਸੀਅਤ

ਹੁਣ ਅਸੀਂ ਪਿੱਛੇ ਦਿੱਤੀ ਵੰਡ ਅਨੁਸਾਰ ਇਕ ਇਕ ਅੰਗ ਦੀ ਵਿਆਖਿਆ ਕਰਦੇ ਹਾਂ। ਬੋਲਣ ਲਈ ਮਨੁੱਖ ਸ਼ਖਸੀਅਤ ਦੀ ਲੋੜ ਸਭ ਤੋਂ ਪਹਿਲੀ ਲੋੜ ਹੈ। ਦੂਜਿਆਂ 'ਤੇ ਅਸਰ ਪਾ ਲੈਣ ਵਾਲੀ ਸ਼ਕਤੀ, ਜੀਵਨ ਤੇ ਉਤਸ਼ਾਹ, ਬੋਲਣ ਵਾਲੇ ਲਈ ਸਭ ਤੋਂ ਜ਼ਿਆਦਾ ਲੋੜਵੰਦੇ ਗੁਣ ਹਨ, ਸ਼ਖਸੀਅਤ ਤੋਂ ਬਿਨਾਂ ਵਿਆਖਿਆਨ ਕਿਤਨਾ ਭੀ ਉੱਚਾ ਕਿਉਂ ਨਾ ਹੋਵੇ, ਖ਼ਾਸ ਅਸਰ ਨਹੀਂ ਪਾਉਂਦਾ। ਲੰਡਨ ਦੇ ਹਾਈਡ ਪਾਰਕ ਵਿਚ ਸੰਗਮਰਮਰ ਦੀ ਮੈਰਾਬ ਦੇ ਲਾਗੇ ਇਕ ਕਿਤਾ ਬੋਲਣ ਵਾਲਿਆਂ ਲਈ ਮਖਸੂਸ ਕੀਤਾ ਹੋਇਆ ਹੈ, ਜਿਥੇ ਕਿ ਹਰ ਐਤਵਾਰ ਦੀ ਸ਼ਾਮ ਨੂੰ ਹਰ ਰੰਗ ਨਸਲ, ਮਜਹਬ ਤੇ ਅਕੀਦੇ ਦਾ ਆਦਮੀ ਵਾਰੀ ਮਿਲਣ 'ਤੇ ਆਪਣੇ ਖ਼ਿਆਲ ਲੋਕਾਂ ਦੇ ਸਾਹਮਣੇ ਰੱਖ ਸਕਦਾ ਹੈ। ਭਾਵੇਂ ਹਰ ਬੁਲਾਰਾ ਜ਼ੋਰ ਤਾਂ ਵਿਤੋਂ ਵੱਧ ਕੇ ਲਾਉਂਦਾ ਹੈ, ਪਰ ਲੋਕਾਂ ਨੂੰ ਖਿੱਚ ਉਹੋ ਹੀ ਪਾ ਸਕਦਾ ਹੈ, ਜਿਸ ਦੀ ਸ਼ਖਸੀਅਤ ਪ੍ਰਭਾਵਸ਼ਾਲੀ ਜੀਵਨ ਤੇ ਜੋਸ਼ ਦੀ ਭਰੀ ਹੋਈ ਹੋਵੇ। ਉੱਚੀਆਂ ਸ਼ਖਸੀਅਤਾਂ ਦੇ ਕਹੇ ਹੋਏ ਥੋੜ੍ਹੇ ਬਚਨ ਅਸਰ ਰੱਖ ਦੇ ਹਨ।

ਇਤਿਹਾਸ ਵਿਚ ਲਿਖਿਆ ਹੈ ਕਿ ਜਦ ਮੁਹੰਮਦ ਸਾਹਿਬ ਨੇ ਇਸਲਾਮ ਦਾ ਪ੍ਰਚਾਰ ਸ਼ੁਰੂ ਕੀਤਾ, ਤਾਂ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਵਿੱਚੋਂ ਇਕ ਮਸ਼ਹੂਰ ਦਲੇਰ ਤਲਵਾਰੀਆ ਉਮਰ ਸੀ, ਜੋ ਇਕ ਦਿਨ ਆਪਣੀ ਮੁਸਲਮਾਨ ਹੋ ਚੁੱਕੀ ਭੈਣ ਨੂੰ ਦੇਖ, ਕ੍ਰੋਧ ਆਤਰ ਹੋ, ਤਲਵਾਰ ਫੜ ਮੁਹੰਮਦ ਨੂੰ ਕਤਲ ਕਰ ਦੇਣ ਦੇ ਖ਼ਿਆਲ ਨਾਲ ਉਨ੍ਹਾਂ ਨਾਲ ਉਨ੍ਹਾਂ ਦੇ ਘਰ ਵੱਲ ਗਿਆ।

'ਉਮਰ' ਨੂੰ ਇਸ ਤਰ੍ਹਾਂ ਆਉਂਦਿਆਂ ਤਕ ਰਸੂਲ ਦੇ ਸਤਸੰਗੀਆਂ

ਨੇ ਭੈ-ਭੀਤ ਹੋ ਦਰਵਾਜ਼ੇ ਦਾ ਕੁੰਡਾ ਅੰਦਰੋਂ ਬੰਦ ਕਰ ਲੈਣ ਲਈ ਸਲਾਹ ਕੀਤੀ, ਪਰ ਮੁਹੰਮਦ ਸਾਹਿਬ ਨੇ ਉਨ੍ਹਾਂ ਨੂੰ ਰੋਕ ਦਿੱਤਾ। ਉਮਰ ਇਤਨੇ ਚਿਰ ਤਕ ਦਰਵਾਜ਼ੇ ਵਿਚ ਪਹੁੰਚ ਚੁੱਕਾ ਸੀ। ਜਦ ਉਸ ਦੀਆਂ ਅੱਖਾਂ ਹਜ਼ਰਤ ਮੁਹੰਮਦ ਸਾਹਿਬ ਦੀਆਂ ਅੱਖਾਂ ਨਾਲ ਚਾਰ ਹੋਈਆਂ, ਤਾਂ ਆਪ ਨੇ ਖ਼ਾਸ ਜਲਾਲ ਵਿਚ ਆ ਕੇ ਕਿਹਾ, "ਉਮਰ, ਤੂੰ ਕਦ ਤਕ ਖ਼ੁਦਾ ਤੇ ਉਸ ਦੇ ਰਸੂਲ ਦੇ ਖਿਲਾਫ ਲੜਦਾ ਰਹੇਗਾ?" ਇਹ ਫਿਕਰਾ ਤਾਂ ਭਾਵੇਂ ਛੋਟਾ ਜਿਹਾ ਸੀ ਪਰ ਰਸੂਲ ਦੀ ਤੇਜਮਈ ਸ਼ਖਸੀਅਤ ਦੇ ਜਲਾਲ ਨੇ 'ਉਮਰ' ਉੱਤੇ ਅਜਿਹਾ ਅਸਰ ਕੀਤਾ ਕਿ ਤਲਵਾਰ ਉਸ ਦੇ ਹੱਥੋਂ ਡਿੱਗ ਪਈ ਅਤੇ ਉਹ ਮੁਸਲਮਾਨ ਹੋ ਗਿਆ।

ਇਸੇ ਤਰ੍ਹਾਂ ਹੀ ਮਸ਼ਹੂਰ ਠੱਗ 'ਸੱਜਣ' ਨੂੰ ਜਿਸ ਦਾ ਕੰਮ ਮੰਦਰ ਅਤੇ ਮਸਜਿਦ ਦੀ ਆੜ ਵਿਚ ਅਨਭੋਲ ਰਾਹੀਆਂ ਨੂੰ ਲੁੱਟਣਾ ਤੇ ਕਤਲ ਕਰਨਾ ਸੀ। ਗੁਰੂ ਨਾਨਕ ਸਾਹਿਬ ਨੇ 'ਉਜਲ ਕੈਹਾਂ ਚਿਲਕਣਾ ਘੋਟਮ ਕਾਲੜੀ ਮਸੁ' ਦਾ ਇਕ ਸ਼ਬਦ ਸੁਣਾ ਕੇ ਹੀ ਵਿੰਨ੍ਹ ਸੁੱਟਿਆ ਤੇ ਉਸ ਦੇ ਜੀਵਨ ਵਿਚ ਅਜੇਹਾ ਪਲਟਾ ਆਇਆ ਕਿ ਠੱਗ ਤੋਂ ਸੰਤ ਹੋ ਗਿਆ। ਦੁਨੀਆਂ ਨੂੰ ਤਿਆਗ, ਬੈਰਾਗੀ ਬਣ ਬੈਠੇ ਬੀਰ ਨੂੰ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਦੇ ਅਸਰ ਨੇ ਹੀ ਬੰਦਾ ਬਹਾਦਰ ਬਣਾ ਦਿੱਤਾ ਸੀ।

ਸੰਸਾਰ ਦੀ ਮਹਾਨ ਵਿਅਕਤੀਆਂ ਤੋਂ ਉਤਰ ਕੇ ਜਦ ਅਸੀਂ ਸਾਧਾਰਨ ਜਨਤਾ ਵੱਲ ਵੇਖਦੇ ਹਾਂ, ਤਾਂ ਉਥੇ ਭੀ ਬੋਲ ਕੇ ਨਾਲ ਸ਼ਖਸੀਅਤ ਭਾਰਾ ਕੰਮ ਕਰਦੀ ਵਿਖਾਈ ਦਿੰਦੀ ਹੈ। ਲਿਖਿਆ ਹੈ ਕਿ ਜਦ ਝਨਾਂ ਵਿਚ ਤਰਦੀ ਬੇੜੀ ਤੇ ਡੱਠੇ ਆਪਣੇ ਪਲੰਘ 'ਤੇ ਸੁੱਤੇ ਪਏ ਰਾਂਝੇ ਨੂੰ ਹੀਰ ਨੇ ਤੱਕਿਆ, ਤਾਂ ਉਹ ਰੋਹ ਵਿਚ ਭਰ ਗਈ। ਸਲੇਟੀ ਨੇ ਸਖੀਆਂ ਨੂੰ ਆਖਿਆਂ, "ਚੂਚਕ ਚੌਧਰੀ ਦੀ ਧੀ ਦੇ ਪਲੰਘ 'ਤੇ ਸੌਣ ਵਾਲੇ ਗੁਸਤਾਖ਼ ਨੂੰ ਛਮਕਾਂ ਨਾਲ ਉੱਡਾ ਦਿਓ।" ਕੁੜੀਆਂ ਦਾ ਬੋਲ-ਬੁਲਾਰਾ ਸੁਣ, ਰਾਂਝਾ ਜਾਗ ਪਿਆ ਤੇ ਉਸ ਨੇ ਹੀਰ ਵੱਲ ਤਕ ਕੇ ਕਿਹਾ, "ਵਾਹ

੧. ਰਾਂਝੇ ਉਠ ਕੇ ਆਖਿਆ ਵਾਹ ਜਾਨੀ,
ਹੀਰ ਹੱਸ ਕੇ ਤੇ ਮਿਹਰਬਾਨ ਹੋਈ (ਵਾਰਸ ਸ਼ਾਹ)।

ਜਾਨੀ ॥[1]" ਇਤਨਾ ਕਹਿਣ ਦੀ ਦੇਰ ਸੀ ਕਿ ਹੀਰ ਹੱਸ ਪਈ ਤੇ ਇਸ ਹਾਸੇ ਵਿੱਚੋਂ ਉਹ ਪਿਆਰ ਪੈਦਾ ਹੋਇਆ, ਜਿਸ ਤੋਂ ਹੀਰ ਰਾਂਝੇ ਦਾ ਹਰ ਮਨ ਭਾਣਾ ਕਿੱਸਾ ਜੁੜਿਆ। ਇਹੋ ਜਿਹੀਆਂ ਹੋਰ ਬੇਅੰਤ ਮਿਸਾਲਾਂ ਇਤਿਹਾਸ ਵਿੱਚੋਂ ਦਿੱਤੀਆਂ ਜਾ ਸਕਦੀਆਂ ਹਨ। ਮਤਲਬ ਸਭ ਦਾ ਇਕ ਹੀ ਹੈ, ਕਿ ਸ਼ਖਸੀਅਤ ਬੋਲਣ ਵਿਚ ਬੜਾ ਕੰਮ ਕਰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਵਿਚ ਸ਼ਖਸੀਅਤ ਦਾ ਬੜਾ ਹਿੱਸਾ ਜਮਾਂਦਰੂ ਹੁੰਦਾ ਹੈ। ਜਿਸਮ ਦੀ ਡੀਲ-ਡੌਲ, ਚਿਹਰੇ ਦੀ ਨੁਹਾਰ, ਲੱਬਾਂ 'ਤੇ ਮੁਸਕ੍ਰਾਹਟ ਤੇ ਰਸੀਲੇ ਨੈਣ, ਜੋ ਸ਼ਖਸੀਅਤ ਦੇ ਦਰਸ਼ਨ ਦਾ ਵੱਡਾ ਹਿੱਸਾ ਹਨ, ਹਰ ਇਕ ਨੂੰ ਪ੍ਰਾਪਤ ਨਹੀਂ ਹੋ ਸਕਦੇ ਪਰ ਫਿਰ ਭੀ ਬਹੁਤ ਕੁਝ ਸੰਗਤ ਤੇ ਸਮਝ ਤੋਂ ਹਾਸਲ ਕੀਤਾ ਜਾ ਸਕਦਾ ਹੈ। ਹੱਸੇ ਖੇਲੜੇ ਮਨੁੱਖਾਂ ਦੀ ਸੰਗਤ ਮੁਸਕਾਨ ਦਾ ਸੁਭਾਅ ਪੈਦਾ ਕਰ ਦੇਂਦੀ ਹੈ। ਇਸੇ ਤਰ੍ਹਾਂ ਹੀ ਰੋਜ਼-ਰੋਜ਼ ਚਰਚਾ ਵਿਚ ਹਿੱਸਾ ਲੈਣ ਲਈ ਮਨੁੱਖ ਧੀਰਜਵਾਨ, ਮਿੱਠ ਬੋਲਾ ਤੇ ਖੁਸ਼-ਬਾਸ਼ ਬਣ ਜਾਂਦਾ ਹੈ।

* * *

ਹੌਂਸਲਾ

ਸ਼ਖਸੀਅਤ ਦੇ ਦਰਸ਼ਨ ਦੇ ਬਾਅਦ ਉਸੇ ਅੰਗ ਵਿੱਚੋਂ ਬੋਲਣ ਲਈ ਹੌਂਸਲਾ, ਸਭ ਤੋਂ ਪਹਿਲੀ ਗੱਲ ਹੈ। ਅਸੀਂ ਕਈ ਵੇਰ ਵੇਖਦੇ ਹਾਂ ਕਿ ਨਵੇਂ-ਨਵੇਂ ਬੋਲਣ ਵਾਲੇ ਜਦ ਸਟੇਜ 'ਤੇ ਆਉਂਦੇ ਹਨ, ਤਾਂ ਉਹਨਾਂ ਦੀਆਂ ਲੱਤਾਂ ਬਾਹਵਾਂ ਕੰਬਣ ਲੱਗ ਜਾਂਦੀਆਂ ਹਨ, ਬੁਲ੍ਹ ਫ਼ਰਕਦੇ ਹਨ ਅਤੇ ਗੱਲ ਮੂੰਹੋਂ ਨਹੀਂ ਨਿਕਲਦੀ। ਸਾਨੂੰ ਇਕ ਵੇਰਾਂ ਦੀਵਾਨ ਵਿਚ ਇਕ ਨੌਜਵਾਨ ਨੇ ਕਿਹਾ ਕਿ ਉਹ ਨੌ ਜ਼ਮਾਤਾਂ ਪੜ੍ਹਿਆ ਹੋਇਆ ਹੈ ਅਤੇ ਜੇ ਸਮਾਂ ਦਿੱਤਾ ਜਾਵੇ, ਤਾਂ ਉਹ ਸੰਗਤ ਨੂੰ ਕੁਝ ਸੁਣਾਵੇਗਾ।

ਉਸ ਸਮੇਂ ਵਿਚ ਸਿੱਖ ਨੌਜਵਾਨ ਪੜ੍ਹੇ ਲਿਖੇ ਘੱਟ ਸਨ, ਸੋ ਸੰਗਤ ਨੇ ਇਸ ਗੱਲ ਨੂੰ ਗਨੀਮਤ ਸਮਝਿਆ ਤੇ ਉਸ ਨੌਜਵਾਨ ਨੂੰ ਬੋਲਣ ਲਈ ਵਕਤ ਦਿੱਤਾ। ਜਦ ਉਹ ਸਟੇਜ 'ਤੇ ਆਇਆ, ਤਾਂ ਉਸ ਦਾ ਸਾਰਾ ਸਰੀਰ ਕੰਬ ਰਿਹਾ ਸੀ। ਉਸ ਨੇ ਸੰਗਤ ਨੂੰ ਮੁਖ਼ਾਤਬ ਕੀਤਾ, ਪਰ ਅਗਲਾ ਫਿਕਰਾ ਕੋਈ ਨਾ ਬੋਲ ਸਕਿਆ, ਕਈ ਇਕ ਮਿੰਟ ਦੇ ਬਾਅਦ ਉਹ ਬੈਠ ਗਿਆ। ਉਸ ਦੇ ਮੱਥੇ 'ਤੇ ਤਰੇਲੀ ਆਈ ਹੋਈ ਸੀ। ਇਹ ਤਾਂ ਸੀ ਇਕ ਸਾਧਾਰਨ ਨੌਜਵਾਨ ਦੀ ਗੱਲ।

ਲਿਖਿਆ ਹੈ ਕਿ ਪੱਛਮੀ ਦਾ ਮਸ਼ਹੂਰ ਬੁਲਾਰਾ 'ਡੀਮੋਸਥਨੀਜ' ਜਦ ਪਹਿਲੀ ਵੇਰਾਂ ਮਜਲਸ ਨੂੰ ਮੁਖ਼ਾਤਬ ਕੀਤਾ ਪਰ ਬੋਲ ਇਕ ਅੱਖਰ ਭੀ ਨਾ ਸਕਿਆ। ਅਸਲ ਵਿਚ ਇਹ ਝਕ ਜੋ ਬੋਲਣ ਵਾਲੇ ਨੂੰ ਪਹਿਲੋਂ ਪਹਿਲ ਆਉਂਦਾ ਹੈ, ਨਿਰਾ ਬੁਲਾਰੇ ਨੂੰ ਹੀ ਨਹੀਂ ਵਾਪਰਦਾ, ਸਗੋਂ ਹਰ ਉਸ ਮਨੁੱਖ 'ਤੇ ਛਾ ਜਾਂਦਾ ਹੈ, ਜੋ ਜਨਤਾ ਦੇ ਸਾਹਮਣੇ ਕਿਸੇ ਖ਼ਾਸ ਕਰਤਵ ਕਰ ਕੇ ਪ੍ਰਗਟ ਹੋਣਾ ਚਾਹੇ। ਕ੍ਰਿਕਟ ਦੇ ਖਿਡਾਰੀਆਂ ਦੇ ਹੱਥਾਂ ਵਿਚ ਬੱਲੇ ਕੰਬਦੇ ਤੇ ਹਾਕੀ ਦੇ ਖਿਡਾਰੀਆਂ ਦੀਆਂ ਲੱਤਾਂ ਕੰਬਦੀਆਂ

ਪਹਿਲੇ ਮੌਚਾਂ ਵਿਚ ਵੇਖੀਆਂ ਜਾਂਦੀਆਂ ਹਨ। ਇਸ ਦਾ ਅਸਲ ਕਾਰਨ ਇਹ ਹੁੰਦਾ ਹੈ ਕਿ ਪਹਿਲਾਂ ਪਹਿਲ ਬੁਲਾਰੇ ਵਿਚ ਜਨਤਾ ਦੇ ਸਾਹਮਣੇ ਬੋਲਣ ਦਾ ਹੌਂਸਲਾ ਨਹੀਂ ਹੁੰਦਾ। ਉਸ ਨੂੰ ਇਹ ਖ਼ਿਆਲ ਰਹਿੰਦਾ ਹੈ ਕਿ ਖਬਰੇ ਮੈਂ ਕਿਥੋਂ ਉਕ ਜਾਵਾਂ, ਲੋਕ ਮੈਨੂੰ ਪਸੰਦ ਕਰਨਗੇ ਕਿ ਨਾ ਪਰ ਇਨ੍ਹਾਂ ਗੱਲਾਂ ਨੂੰ ਮਨੋਂ ਵਿਸਾਰ ਕੇ ਹੀ ਆਦਮੀ ਪਬਲਿਕ ਦੇ ਸਾਹਮਣੇ ਬੋਲ ਸਕਦਾ ਹੈ। ਜਿਸ ਤਰ੍ਹਾਂ ਹਰ ਕੰਮ ਦੇ ਸ਼ੁਰੂ ਵਿਚ ਹੌਂਸਲਾ ਬੰਨ੍ਹ ਕੇ ਹੀ ਜਾ ਸਕੀਦਾ ਹੈ ਇਸੇ ਤਰ੍ਹਾਂ ਹੀ ਬੁਲਾਰੇ ਨੂੰ ਦ੍ਰਿੜ ਮਨ ਹੋ ਕੇ ਜਨਤਾ ਦੇ ਸਾਹਮਣੇ ਉਠਣਾ ਚਾਹੀਦਾ ਹੈ। ਹਾਂ ਪਹਿਲਾਂ ਤਿਆਰੀ ਕਰ ਲੈਣੀ ਬੜੀ ਜ਼ਰੂਰੀ ਹੈ। ਉਸ ਨੂੰ ਨਿਸਚਾ ਹੋਣਾ ਚਾਹੀਦਾ ਹੈ ਕਿ ਉਸ ਨੇ ਜੋ ਕੁਝ ਕਹਿਣਾ ਹੈ, ਉਹ ਠੀਕ ਹੈ ਤੇ ਉਸ ਨੂੰ ਕਹਿਣਾ ਆਉਂਦਾ ਹੈ। ਉਸ ਨੂੰ ਇਕ ਉਸਤਾਦ ਦੀ ਤਰ੍ਹਾਂ-ਜੋ ਸ਼ਗਿਰਦਾਂ ਨੂੰ ਪੜ੍ਹਾ ਰਿਹਾ ਹੁੰਦਾ ਹੈ-ਆਪਣੀ ਮਾਨਸਕ ਅਵਸਥਾ ਬਣਾਉਣੀ ਚਾਹੀਦੀ ਹੈ।

ਹਰਕਤਾਂ

ਬੋਲਣ ਲਈ ਹੌਂਸ਼ਲਾ ਧਾਰ ਲੈਣ ਪਿੱਛੋਂ ਬੋਲਣ ਵਾਲੇ ਨੂੰ ਆਪਣੇ ਸਰੀਰ ਦੀਆਂ ਹਰਕਤਾਂ ਦਾ ਖ਼ਿਆਲ ਜ਼ਰੂਰ ਰੱਖਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੋਲਣ ਨਾਲ ਬਤਾਵ ਭੀ ਜ਼ਰੂਰੀ ਅੰਗ ਹਨ। ਕੋਈ ਲੈਕਚਰਾਰ ਜੋ ਆਪਣੀ ਤਕਰੀਰ ਦੇ ਮੁਖਤਲਿਫ ਰਸਾਂ ਦੇ ਬਤਾਵਿਆਂ ਨਾਲ ਪ੍ਰਗਟ ਨਹੀਂ ਕਰਨ ਜਾਂਦਾ, ਜਨਤਾ 'ਤੇ ਪੂਰਾ ਅਸਰ ਨਹੀਂ ਪਾ ਸਕਦਾ। ਹਾਸਰਸ ਨੂੰ ਮੁਸਕ੍ਰਾਹਟ ਕਰਨਾ, ਸਜਲ ਨੈਣ ਤੇ ਬੀਰਰਸ ਨੂੰ ਬਾਂਹ ਦੇ ਉੱਚੇ ਘੁਮਾਣ ਨਾਲ ਹੀ ਪ੍ਰਗਟ ਕੀਤਾ ਜਾ ਸਕਦਾ ਹੈ। ਨੇਤਰਹੀਣ ਵਕਤਾ ਅੱਖਾਂ ਨਾਲ ਬਤਾਵਾ ਨਾ ਦੇ ਸਕਣ ਕਰ ਕੇ ਹੀ ਤਕਰੀਰ ਦੇ ਬਹੁਤ ਸਾਰੇ ਬਲ ਤੋਂ ਬਿਨਾਂ ਰਹਿ ਜਾਂਦਾ ਹੈ ਪਰ ਬਤਾਵੇ ਦੇਣਾ ਹੋਰ ਗੱਲ ਹੈ ਤੇ ਉਗੜ-ਦੁਗੜੀਆਂ ਹਰਕਤਾਂ ਕਰਨੀਆਂ ਹੋਰ

ਗੱਲ। ਕਈ ਇਕ ਬੋਲਣ ਵਾਲੇ ਸਟੇਜ 'ਤੇ ਖੜ੍ਹੋ ਹੱਥਾਂ ਦੀਆਂ ਉਂਗਲੀਆਂ ਹੀ ਮਟਕੌਣ ਲੱਗ ਪੈਣਗੇ, ਕਈ ਮੋਢੇ ਮਾਰਨਗੇ, ਕਈ ਕੋਟ ਨੂੰ ਘੜੀ ਮੁੜੀ ਸਵਾਰਨ ਤੇ ਦਾੜ੍ਹੀ 'ਤੇ ਹੱਥ ਫੇਰਨ ਲੱਗ ਜਾਣਗੇ।

ਇਹ ਕੋਝੀਆਂ ਹਰਕਤਾਂ ਤਕਰੀਰ ਦੇ ਬਲ ਨੂੰ ਬਹੁਤ ਹੱਦ ਤਕ ਜਾਇਆ ਕਰ ਦੇਂਦੀਆਂ। ਕਈਆਂ ਨੂੰ ਅੱਖੀਆਂ ਮਟਕਾਣ ਦੀ ਆਦਤ ਹੁੰਦੀ ਹੈ, ਕਈ ਸਟੇਜ 'ਤੇ ਹੀ ਤੁਰੇ ਫਿਰਦੇ ਹਨ। ਇਨ੍ਹਾਂ ਗੱਲਾਂ ਨਾਲ ਬੋਲਣ ਵਾਲਾ ਲੋਕਾਂ ਦੀ ਨਿਗਾਹ ਵਿਚ ਇਕ ਤਮਾਸ਼ਾ ਜਿਹਾ ਬਣ ਜਾਂਦਾ ਹੈ। ਥੋੜ੍ਹੇ ਜਿਹੇ ਸਿਆਣੇ ਮਨੁੱਖਾਂ ਤੋਂ ਬਿਨਾਂ ਸਭਾ ਦੇ ਜਵਾਨ ਤੇ ਬਾਲ ਬਾਲੀਆਂ ਹੱਸਣ ਲੱਗ ਪੈਂਦੀਆਂ ਹਨ ਤੇ ਇਸ ਤਰ੍ਹਾਂ ਲੋਕਾਂ ਦਾ ਧਿਆਨ ਤਕਰੀਰ ਵਲੋਂ ਹਟ ਕੇ ਉਸ ਦੀਆਂ ਹਰਕਤਾਂ ਵੱਲ ਚਲਿਆ ਜਾਂਦਾ ਹੈ।

ਕਿਸੇ ਇਕ ਹਰਕਤ ਦਾ ਬਾਰ ਬਾਰ ਕਰਨਾ ਤੇ ਮੂੰਹ ਖ਼ਾਸ ਕਿਸਮ ਦਾ ਬਨਾਣਾ ਤਾਂ ਬੋਲਣ ਵਾਲੇ ਲਈ ਖ਼ਾਸ ਤੌਰ 'ਤੇ ਹਾਨੀਕਾਰਕ ਹੈ। ਬੋਲਣ ਵਾਲੇ ਲਈ ਜ਼ਰੂਰੀ ਹੈ ਕਿ ਉਹ ਸਟੇਜ 'ਤੇ ਜਾਂਦਾ ਹੀ ਸਿੱਧਾ ਖੜ੍ਹੋ ਜਾਵੇ, ਸਰੋਤਿਆਂ ਨੂੰ ਨਿਗਾਹ ਭਰ ਕੇ ਤੱਕੇ ਤੇ ਬਗ਼ੈਰ ਕਿਸੇ ਖ਼ਾਸ ਰਸ ਨੂੰ ਪ੍ਰਗਟ ਕਰਨ ਹਿਤ ਦਿੱਤੇ ਗਏ ਬਤਾਵੇ ਤੇ ਕੋਈ ਕੋਝੀ ਹਰਕਤ ਨਾ ਕਰੇ।

ਲਿਬਾਸ

ਹੁਣ ਅਸੀਂ ਸ਼ਖ਼ਸੀਅਤ ਦੇ ਤੀਸਰੇ ਅੰਗ ਲਿਬਾਸ 'ਤੇ ਵਿਚਾਰ ਕਰਨੀ ਹੈ। ਪੁਸ਼ਾਕ ਬੋਲਣ ਵਾਲੇ ਦੀ ਸ਼ਖ਼ਸੀਅਤ ਨਾਲ ਬੜਾ ਭਾਰਾ ਤਅੱਲਕ ਰਖਦੀ ਹੈ। ਸੰਸਾਰ ਦੇ ਸਿਆਣਿਆਂ ਨੇ ਖ਼ਾਸ ਕਿਸਮ ਦੇ ਮਾਨਸਿਕ ਭਾਵਾਂ ਨੂੰ ਪ੍ਰਗਟ ਕਰਨ ਲਈ ਪੁਸ਼ਾਕ ਦੇ ਖ਼ਾਸ ਖ਼ਾਸ ਰੰਗ ਮੁਕੱਰਰ ਕੀਤੇ ਸਨ, ਜਿਹਾ ਕਿ ਖ਼ੁਸ਼ੀ ਲਈ ਲਾਲ, ਮਾਤਮ ਲਈ ਕਾਲਾ, ਸ਼ਹੀਦੀ ਲਈ ਬਸੰਤੀ, ਵੈਰਾਗ ਲਈ ਗੇਰਵਾ, ਇਨ੍ਹਾਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਪੌਸ਼ਾਕ,

ਉਸ ਦੀ ਰੰਗਤ ਤੇ ਬਨਾਵਟ ਮਨੁੱਖ ਦੀ ਸ਼ਖ਼ਸੀਅਤ ਨੂੰ ਜਤਾਣ ਲਈ ਖ਼ਾਸ ਕੰਮ ਕਰਦੀਆਂ ਹਨ।

ਸਿਪਾਹੀਆਂ ਦੇ ਸਾਹਮਣੇ ਲੜਾਈ ਦੀ ਤਿਆਰੀ ਲਈ ਲੈਕਚਰ ਦੇ ਰਿਹਾ ਕੋਈ ਕਮਾਂਡਰ ਜੇ ਪੂਰੀ ਚੁਸਤ ਵਰਦੀ ਪਾ ਕੇ ਨਾ ਬੋਲ ਰਿਹਾ ਹੋਏ, ਤਾਂ ਉਸ ਦੀ ਤਕਰੀਰ ਸਿਪਾਹੀਆਂ ਵਿਚ ਕੀ ਉਦਮ ਲਿਆ ਸਕਦੀ ਹੈ ? ਏਦਾਂ ਹੀ ਸਿਨੇਮਾ ਸਟੇਜ ਦੀ ਐਕਟਰਸ ਭੜਕੀਲੇ ਲਿਬਾਸ ਬਿਨਾਂ, ਸੁਧਾਰਕ ਅੰਦੋਲਨ ਦਾ ਮੁਦਈ ਸਾਦੀ ਪੁਸ਼ਾਕ ਤੋਂ ਬਿਨਾਂ ਤੇ ਮਜ਼ਹਬੀ ਪ੍ਰਚਾਰਕ ਖੁਲ੍ਹੇ ਲੰਬੇ ਪਹਿਰਾਨ ਤੋਂ ਬਿਨਾਂ ਆਪਣੀ-ਆਪਣੀ ਥਾਂ ਜਨਤਾ 'ਤੇ ਆਪਣੇ ਭਾਵਾਂ ਦਾ ਅਸਰ ਨਹੀਂ ਪਾ ਸਕਦੇ। ਬੋਲਣ ਵਾਲੇ ਦੇ ਲਿਬਾਸ ਦਾ ਤੁਅੱਲਕ ਬਹੁਤ ਸਾਰਾ ਉਸ ਦੇ ਸਰੋਤਿਆ ਨਾਲ ਭੀ ਹੁੰਦਾ। ਜੇ ਕਿਸੇ ਮੌਲਵੀ ਸਾਹਿਬ ਨੇ ਮੁਸਲਮਾਨਾਂ ਦੀ ਸਾਧਾਰਨ ਜਨਤਾ ਵਿਚ ਰੁਤਬਾ ਦੇਣਾ ਹੋਵੇ ਯਾ ਕਿਸੇ ਗਿਆਨੀ ਨੂੰ ਸਾਧਾਰਨ ਸੰਗਤ ਦੇ ਸਾਹਮਣੇ ਕਥਾ ਕਰਨੀ ਪਵੇ, ਤਾਂ ਉਹਨਾਂ ਦੇ ਗਲ ਵਿਚ ਲੰਬੇ-ਲੰਬੇ ਚੋਲੇ ਤੇ ਸਿਰਾਂ 'ਤੇ ਸਿੱਧੀਆਂ ਦਸਤਾਰਾਂ ਹੀ ਉਨ੍ਹਾਂ ਦੀ ਗੱਲ-ਬਾਤ ਨੂੰ ਜਨਤਾ 'ਤੇ ਵਧੇਰੇ ਅਸਰ ਪਾਉਣ ਵਾਲਾ ਬਨਣਗੀਆਂ ਪਰ ਜੇ ਇਨ੍ਹਾਂ ਹੀ ਮੌਲਵੀਆਂ ਅਤੇ ਗਿਆਨੀਆਂ ਨੂੰ ਕਾਲਜਾਂ ਵਿਚ ਜਾ ਪੱਛਮੀ ਸਭਿਅਤਾ ਦੇ ਰੰਗ ਵਿਚ ਰੰਗੀ ਹੋਈ ਜਨਤਾ ਦੇ ਸਾਹਮਣੇ ਵਾਅਜ਼ ਕਹਿਣ ਜਾ ਕਥਾ ਕਰਨੀ ਪਵੇ ਤਾਂ ਚੁਸਤ ਲਿਬਾਸ ਪਹਿਨ ਕੇ ਹੀ ਜਾਣਾ ਚੰਗਾ ਹੋਵੇਗਾ ਅਤੇ ਜੇ ਉਹ ਪੱਛਮੀ ਢੰਗ ਦਾ ਹੋਵੇ, ਤਾਂ ਹੋਰ ਭੀ ਗੁਣਕਾਰੀ ਹੋਵੇਗਾ।

ਮੰਦਰ ਵਿਚ ਦਰਸ਼ਨ ਹਿਤ ਜੁੜੀ ਭਗਤ ਮੰਡਲੀ ਦੇ ਸਾਹਮਣੇ ਉਪਦੇਸ਼ ਦੇਣ ਵਾਲੇ ਬ੍ਰਾਹਮਣ ਲਈ ਮੱਥੇ 'ਤੇ ਤਿਲਕ ਤੇ ਧੋਤੀ ਦਾ ਅੱਧੜਵੰਜਾ ਹੀ ਸ਼ੋਭਾ ਦਿਵਾਣ ਵਾਲਾ ਲਿਬਾਸ ਹੁੰਦਾ ਹੈ। ਇਸੇ ਤਰ੍ਹਾਂ ਹੀ ਸੰਨਿਆਸੀ ਲਈ ਭਗਵਾ ਅਤੇ ਬੁੱਧ ਭਿਖਸ਼ੂ ਲਈ ਪੀਲਾ ਭੇਖ ਬਣਿਆ ਹੈ। ਲਿਬਾਸ ਦਾ ਸ਼ਖ਼ਸੀਅਤ ਉੱਤੇ ਖ਼ਾਸ ਅਸਰ ਪਾਣ ਦਾ ਖ਼ਿਆਲ ਹੀ ਸੀ, ਜਿਸ ਤੋਂ ਵਕੀਲਾਂ ਲਈ ਖ਼ਾਸ ਕੋਟ ਪਹਿਨਾ ਕੇ ਅਦਾਲਤ ਦੇ ਸਾਹਮਣੇ ਬੋਲਣਾ ਅਤੇ ਜਜਾਂ ਲਈ ਖ਼ਾਸ ਕਿਸਮ ਦੇ ਲਿਬਾਸ ਪਹਿਨਾ ਕੇ ਆਪਣੇ

ਫੈਸਲੇ ਦੇਣ ਦਾ ਰਿਵਾਜ ਕਾਇਮ ਕੀਤਾ ਗਿਆ।

ਹਕੀਕਤ ਤਾਂ ਇਹ ਹੈ ਕਿ ਇਨਸਾਨ ਦੇ ਮਨ ਦਾ ਬਹੁਤ ਸਾਰਾ ਨਕਸ਼ਾ ਲਿਬਾਸ ਵਿੱਚੋਂ ਦਿਸ ਆਉਂਦਾ ਹੈ। ਸਾਫ਼ ਸੁਥਰਾ ਤੇ ਸਾਦਾ ਲਿਬਾਸ ਇਕ ਜਾਗੇ ਹੋਏ ਸੇਵਕ ਤੇ ਸੰਜਮੀ ਮਨ ਦੀ ਪ੍ਰਗਟ ਮੂਰਤ ਹੈ। ਉਹਦਾ ਹੀ ਭੜਕੀਲਾ ਲਿਬਾਸ ਚੰਚਲ ਮਨ ਦੀ ਤੇ ਮੈਲੀ ਕੋਝੀ ਪੋਸ਼ਿਸ਼ ਅਤੇ ਅਣਵਾਹੇ ਵਾਲ ਦਲਿਦਰੀ ਤੇ ਸੁਸਤ ਮਨ ਦੀ ਪ੍ਰਗਟ ਮੂਰਤ ਹੁੰਦੀ ਹੈ। ਬੋਲਣ ਵਾਲੇ ਨੂੰ ਲਿਬਾਸ ਪਹਿਨਣ ਸਮੇਂ ਇਹ ਖ਼ਿਆਲ ਭੀ ਕਰ ਲੈਣਾ ਚਾਹੀਦਾ ਹੈ ਕਿ ਉਸ ਦਾ ਗਲੇ ਦਾ ਕੱਪੜਾ ਬਹੁਤ ਚੁਸਤ ਤੇ ਰੰਗ ਨਾ ਹੋਵੇ ਕਿਉਂ ਜੋ ਬੋਲਣ ਨਾਲ ਗਰਮੀ ਦਾ ਆਉਣਾ ਤੇ ਗਲੇ ਦਾ ਫੁਲਣਾ ਲਾਜ਼ਮੀ ਗੱਲਾਂ ਹਨ। ਜਿਸ ਕਰ ਕੇ ਤੰਗ ਲਿਬਾਸ ਵਾਲੇ ਨੂੰ ਕੁਦਰਤੀ ਤੌਰ 'ਤੇ ਵਧੇਰੇ ਗਰਮੀ ਲੱਗੇਗੀ ਤੇ ਗਲੇ ਦੇ ਬਟਨ ਖੋਲਣੇ ਪੈਣਗੇ। ਬੋਲਣ ਦੇ ਮਗਰੋਂ ਗਲੇ ਤੇ ਛਾਤੀ ਨੂੰ ਢੱਕ ਕੇ ਰੱਖਣਾ ਜ਼ਰੂਰੀ ਹੈ।

ਖੁਰਾਕ

ਬੋਲਣ ਵਾਲੇ ਨੂੰ ਪੁਸ਼ਾਕ ਵਾਂਗ ਹੀ ਖੁਰਾਕ ਦਾ ਖ਼ਿਆਲ ਵੀ ਰੱਖਣਾ ਚਾਹੀਦਾ ਹੈ। ਸਭ ਤੋਂ ਪਹਿਲਾ ਅਸੂਲ, ਜੋ ਇਸ ਗੱਲ ਸਬੰਧੀ ਧਿਆਨ ਰੱਖਣ ਗੋਚਰਾ ਹੈ, ਉਹ ਹੈ 'ਅਲਪ ਆਹਾਰ' ਦਾ। ਬੁਲਾਰਾ ਭਾਵੇਂ ਕਿਤਨਾ ਵੀ ਆਲਮ, ਸਮਝਦਾਰ ਤੇ ਮਿੱਠ ਬੋਲਾ ਕਿਉਂ ਨਾ ਹੋਵੇ, ਜੇ ਉਸ ਨੇ ਪੇਟ ਭਰ ਕੇ ਖਾਣਾ ਖਾ ਲਿਆ ਹੈ, ਤਾਂ ਸਮਝੋ ਕਿ ਉਸ ਦਿਨ ਉਹ ਤਕਰੀਰ ਕਰਨ ਵਿਚ ਕਾਮਯਾਬ ਨਹੀਂ ਹੋ ਸਕਦਾ, ਕਿਉਂ ਜੋ ਤਕਰੀਰ ਦੀ ਸਫਲਤਾ ਦਾ ਭੇਦ ਬੜੀ ਹਦ ਤਕ ਰਵਾਨੀ ਵਿਚ ਬੰਦ ਹੈ। ਜੇ ਬੋਲਣ ਵਾਲੇ ਦੀ ਜ਼ਬਾਨ ਵਿਚ ਸਰਲ ਬਹਾਉ ਨਾ ਹੋਇਆ, ਤਾਂ ਉਸ ਦਾ ਕਥਨ ਕਦੀ ਵੀ ਜਨਤਾ ਨੂੰ ਬੰਨ੍ਹ ਨਹੀਂ ਸਕਦਾ। ਪੇਟ ਭਰ ਕੇ ਖਾਣ ਨਾਲ ਦਮ ਜਲਦੀ ਚੜ੍ਹ ਜਾਂਦਾ ਹੈ, ਗਲਾ ਖਿਨ-ਖਿਨ ਰੁਕਦਾ ਹੈ ਤੇ ਬੋਲਣ ਵਿਚ ਰਵਾਨੀ

ਉੱਕੀ ਨਹੀਂ ਰਹਿੰਦੀ। ਕਈਆਂ ਦੀ ਤਾਂ ਵੱਖੀ ਵਿਚ ਵੀ ਦਰਦ ਹੋਣ ਲੱਗ ਪੈਂਦਾ ਹੈ। ਇਸ ਲਈ ਬੋਲਣ ਵਾਲੇ ਨੂੰ ਅਲਪ ਆਹਾਰੀ ਹੋਣਾ ਬਹੁਤ ਜ਼ਰੂਰੀ ਹੈ।

ਪੱਛਮ ਦੇ ਬੜੇ-ਬੜੇ ਬੁਲਾਰਿਆਂ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ। 'ਮੈਡਮ ਨੌਰਡੀਕਾ' ਦਾ ਕਹਿਣਾ ਹੈ ਕਿ ਇਕ ਬੁਲਾਰੇ ਨੂੰ ਅਭਿਆਸੀ ਸੰਤ ਦੀ ਤਰ੍ਹਾਂ ਆਹਾਰ ਕਰਨਾ ਚਾਹੀਦਾ ਹੈ। ਚੰਗੇ-ਚੰਗੇ ਵਕਤਾ ਰਾਤ ਨੂੰ ਬੋਲਣ ਦੀ ਤਿਆਰੀ ਲਈ ਸ਼ਾਮ ਨੂੰ ਹੀ ਥੋੜ੍ਹਾ ਜਿਹਾ ਆਹਾਰ ਕਰ ਲੈਂਦੇ ਹਨ। ਇਕ ਮਸ਼ਹੂਰ ਗਵਈਏ ਦਾ ਕਥਨ ਹੈ ਕਿ ਜੇ ਗਾਉਣ ਤੋਂ ਪਹਿਲਾਂ ਪੇਟ ਭਰ ਕੇ ਖਾ ਲਵਾਂ, ਤਾਂ ਮੇਰੇ ਗਲ ਵਿੱਚੋਂ ਮਨੁੱਖ ਦੀ ਥਾਂ ਪਸ਼ੂ ਦੀ ਆਵਾਜ਼ ਨਿਕਲਣ ਲੱਗ ਪੈਂਦੀ ਹੈ, ਪਰਮਾਦ ਮੇਰੇ ਰੋਮ-ਰੋਮ ਵਿਚ ਛਾ ਜਾਂਦਾ ਹੈ ਅਤੇ ਮੈਂ ਕਦੀ ਵੀ ਉਸ ਦਿਨ ਸਫਲਤਾ ਨਾਲ ਗਾ ਨਹੀਂ ਸਕਦਾ। ਅਸਲ ਗੱਲ ਤਾਂ ਇਹ ਹੈ ਕਿ ਬੋਲਣ ਵਿਚ ਸਫਲਤਾ ਹਾਸਲ ਕਰਨ ਲਈ ਵੀ ਇਕ ਯੋਗ ਸਾਧਨਾਂ ਕਰਨੀ ਪੈਂਦੀ ਹੈ ਤੇ ਉਸ ਸਾਧਨ ਵਿਚ ਥੋੜ੍ਹਾ ਖਾਣਾ ਇਕ ਮੁੱਖ ਅੰਗ ਹੈ।

ਜਿਥੇ ਬੋਲਣ ਵਾਲੇ ਨੂੰ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਬੋਲਣ ਸਮੇਂ ਥੋੜ੍ਹਾ ਖਾਧਾ ਜਾਏ, ਉਥੇ ਇਹ ਵੀ ਜ਼ਰੂਰੀ ਹੈ ਕਿ ਉਹ ਥੋੜ੍ਹੀ ਗਜ਼ਾ ਤਾਕਤ ਦੇਣ ਵਾਲੀ, ਖ਼ਾਸ ਕਰ ਕੇ ਦਿਮਾਗ ਤੇ ਪੱਠਿਆਂ ਨੂੰ ਬਲ ਦੇਣ ਵਾਲੀ ਹੋਵੇ, ਕਿਉਂ ਜੋ ਬੋਲਣ 'ਤੇ ਬਲ ਲੱਗਦਾ ਹੈ ਤੇ ਇਕ ਬਲ-ਹੀਣ ਮਨੁੱਖ ਚਾਰ ਫਿਕਰੇ ਹੀ ਬੋਲ ਕੇ ਥਕ ਜਾਂਦਾ ਹੈ। ਇਕ ਵਿਦਵਾਨ ਦਾ ਖ਼ਿਆਲ ਹੈ ਕਿ ਦਿਨ ਭਰ ਹੱਥੀਂ ਕਿਰਤ ਕਰਨ 'ਤੇ ਜਿਤਨੀ ਥਕਾਵਟ ਹੁੰਦੀ ਹੈ, ਉਤਨੀ ਹੀ ਇਕ ਘੰਟਾ ਭਰ ਤਕਰੀਰ ਕਰਨ 'ਤੇ। ਇਸ ਲਈ ਵਕਤਾ ਦੀ ਖੁਰਾਕ ਮਿਕਦਾਰ ਵਿਚ ਥੋੜ੍ਹੀ ਪਰ ਅਸਰ ਵਿਚ ਪੁਸ਼ਟ ਹੋਣੀ ਚਾਹੀਦੀ ਹੈ। ਦੁੱਧ, ਮੱਖਣ, ਬਦਾਮ ਰੋਗਨ, ਮੱਛੀ, ਅੰਡਾ, ਯਖਨੀ ਤੇ ਤਾਜ਼ੇ ਫਲ ਖ਼ਾਸ ਕਰ ਕੇ ਗੁਣਕਾਰੀ ਹਨ।

ਬੋਲਣ ਵਾਲੇ ਨੂੰ ਆਹਾਰ ਦੀ ਮਿਕਦਾਰ ਤੋਂ ਬਿਨਾਂ ਉਸ ਦੀ ਤਾਸੀਰ ਦਾ ਵੀ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ, ਜਿਹਾ ਕਿ ਤੁਰਸ਼ ਚੀਜ਼ਾਂ

ਦੇ ਵਾਤ ਪਿਤ ਪੈਦਾ ਵਾਲੀਆਂ ਵਸਤਾਂ ਦੇ ਖਾਣ ਤੋਂ ਪ੍ਰਹੇਜ਼ ਰੱਖਣਾ ਜ਼ਰੂਰੀ ਹੈ। ਤੁਰਸ਼ ਚੀਜ਼ਾਂ ਨਾਲ ਗਲਾ ਖਰਾਬ ਹੋ ਜਾਂਦਾ ਹੈ, ਬਾਦੀ ਨਾਲ ਬਲਗਮ ਪੈਦਾ ਹੋ ਕੇ ਵਕਤਾ ਘੜੀ-ਮੁੜੀ ਖੰਘੂਰੇ ਮਾਰਨ 'ਤੇ ਮਜਬੂਰ ਹੁੰਦਾ ਹੈ ਤੇ ਪਿਤ ਦੀ ਗਰਮੀ ਕਰ ਕੇ ਗਲਾ ਘੜੀ-ਮੁੜੀ ਖੁਸ਼ਕ ਹੁੰਦਾ ਹੈ। ਇਹ ਖੁਰਾਕ ਦੀ ਬਦ-ਪ੍ਰਹੇਜ਼ੀ ਹੈ, ਜਿਸ ਕਰ ਕੇ ਕਈ ਬੋਲਣ ਵਾਲੇ ਛੇਤੀ ਹੀ ਗਲੇ ਦਾ ਸਾਥ ਨਾ ਦੇ ਸਕਣ ਕਰ ਕੇ ਤਕਰੀਰ ਨੂੰ ਵਿੱਚੇ ਛੱਡਣ ਉਤੇ ਮਜਬੂਰ ਹੋ ਜਾਂਦੇ ਹਨ। ਕਈ ਘੜੀ-ਮੁੜੀ ਤਕਰੀਰ ਕਰਦੇ ਤੇ ਕਈ ਵਾਰ ਪਾਣੀ ਮੰਗਦੇ ਵਿਖਾਈ ਦਿੰਦੇ ਹਨ।

ਕਈ ਤਾਂ ਪਾਣੀ ਦਾ ਗਿਲਾਸ ਸਾਹਮਣੇ ਰੱਖ ਹੀ ਬੋਲਣਾ ਸ਼ੁਰੂ ਕਰਦੇ ਹਨ ਤੇ ਫ਼ਿਕਰੇ ਪਿੱਛੋਂ ਪਾਣੀ ਪੀਂਦੇ ਹਨ, ਅਜਿਹਾ ਕਰਨ ਨਾਲ ਤਕਰੀਰ ਦੀ ਤਾਰ ਦਾ ਕਦਮ-ਕਦਮ 'ਤੇ ਟੁੱਟ ਜਾਣਾ ਜ਼ਰੂਰੀ ਹੈ, ਹਾਂ ਜਿਸ ਦਾ ਫਲ ਸਰੋਤਿਆਂ ਦੀ ਬਿਰਤੀ ਦਾ ਖਿੰਡ ਜਾਣ ਹੁੰਦਾ ਹੈ। ਹਾਂ ਜੇ ਗਲੇ। ਨੂੰ ਤਰ ਰੱਖਣ ਲਈ ਮੂੰਹ ਵਿਚ ਕੋਈ ਚੀਜ਼ ਰੱਖ ਲਈ ਜਾਵੇ, ਜਾਂ ਕੋਈ ਖ਼ਾਸ ਔਸ਼ਧੀ ਤਾਂ ਕੋਈ ਹਰਜ ਨਹੀਂ। ਬਹੁਤ ਸਾਰੇ ਬੋਲਣ ਵਾਲੇ ਸ਼ਰਦਾਈ ਦੀ ਬਹੁਤ ਵਰਤੋਂ ਕਰਦੇ ਹਨ, ਜਿਸ ਤੋਂ ਕਫ ਪੈਦਾ ਹੋ ਕੇ ਬੋਲਣ ਸਮੇਂ ਗਲਾ ਰੁਕਦਾ ਹੈ। ਗੱਲ ਕੀ, ਖਾਣਾ ਖਾਣ ਤੋਂ ਪਹਿਲਾਂ ਖਿਆਲ ਕਰ ਲੈਣਾ ਚਾਹੀਦਾ ਹੈ ਕਿ ਉਸ ਦਾ ਪੇਟ ਬਹੁਤ ਨਾ ਭਰੇ ਤੇ ਉਸ ਦੀ ਖੁਰਾਕ ਦੀ ਤਾਸੀਰ ਗਲੇ ਨੂੰ ਨਾ ਰੋਕੇ। ਤਕਰੀਰ ਦੇ ਬਾਅਦ ਫੌਰਨ ਠੰਡਾ ਪਾਣੀ ਪੀ ਲੈਣਾ ਬਹੁਤ ਨੁਕਸਾਨ ਦਿੰਦਾ ਹੈ। ਵਕਤ ਲਈ ਰੋਜ਼ਾਨਾਂ ਦਾਤਨ ਦਾ ਕਰਨਾ ਤੇ ਦੰਦਾਂ ਦਾ ਸਾਫ਼ ਰੱਖਣਾ ਵੀ ਲਾਜ਼ਮੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਸਰੋਤਿਆਂ ਦੇ ਮਨ ਵਿਚ ਗਿਲਾਨੀ ਪੈਦਾ ਕਰ ਦੇਵੇਗਾ। ਬੋਲਣ ਸਮੇਂ ਜੇ ਕੋਈ ਖੁਸ਼ਬੂਦਾਰ ਚੀਜ਼, ਜਿਹਾ ਕਿ ਸਬਜ਼ ਅਲੈਚੀ, ਮੂੰਹ ਵਿਚ ਰੱਖੀ ਜਾਵੇ, ਤਾਂ ਵਧੇਰੇ ਚੰਗਾ ਹੋਵੇ।

---

੧. ਹਰੜ, ਬਹੇੜਾ ਆਮਲਾ, ਮਘ, ਔਰ ਬਚ, ਜੜਪਾਨ।
ਅਧਰਕ ਰਸ ਗੋਲੀ ਬਰੇ ਕੰਠ ਕਕਲਾ ਜਾਨ।

ਅਭਿਆਸ

ਸੰਸਾਰ ਦੇ ਹੋਰ ਕੋਮਲ ਹੁਨਰਾਂ ਵਾਂਗ ਹੀ ਬੋਲਣ ਲਈ ਵੀ ਭਾਰੀ ਅਭਿਆਸ ਦੀ ਜ਼ਰੂਰਤ ਹੈ। ਜੋ ਅੱਜ ਬੜੇ-ਬੜੇ ਬੁਲਾਰੇ ਦਿਸ ਆਉਂਦੇ ਹਨ, ਜੇ ਉਨ੍ਹਾਂ ਨੂੰ ਪੁੱਛੋ ਤਾਂ ਉਹ ਵੀ ਪਹਿਲਾਂ-ਪਹਿਲਾਂ ਜਨਤਾ ਦੇ ਸਾਹਮਣੇ ਆਉਣ ਲੱਗੇ ਕੰਬਦੇ ਸਨ, ਪਰ ਅਜਿਹੇ ਸਹਿਜੇ ਅਭਿਆਸ ਕਰਨ ਨਾਲ ਉਨ੍ਹਾਂ ਦਾ ਝਕ ਖੁਲ੍ਹ ਗਿਆ। ਹਰ ਬੋਲਣ ਵਾਲੇ ਲਈ ਪਹਿਲਾਂ ਅਭਿਆਸ ਵੱਲ ਪੈਣਾ ਜ਼ਰੂਰੀ ਹੈ। ਆਰੰਭ ਵਿਚ ਜੇ ਬੋਲਣ ਦਾ ਅਭਿਆਸੀ ਜੰਗਲ ਵਿਚ ਜਾਂ ਦਰਖ਼ਤਾਂ ਤੇ ਝਾੜੀਆਂ ਦੇ ਸਾਹਮਣੇ ਬੋਲਣ ਦਾ ਅਭਿਆਸ ਕਰੇ ਤਾਂ ਚੰਗਾ ਹੈ। ਵਕਤਾ ਨੂੰ ਆਪਣੀ ਧੁਨ ਵਿਚ ਬੋਲਦੇ ਚਲੇ ਜਾਣਾ ਚਾਹੀਦਾ ਹੈ। ਆਮ ਤੌਰ 'ਤੇ ਸ਼ੁਰੂ ਕਰਨ ਵਾਲੇ ਵਿਚ ਇਹ ਖਿਆਲ ਹੀ ਝਕ ਪੈਦਾ ਕਰਦਾ ਹੈ ਕਿ ਮੈਂ ਜੋ ਕੁਝ ਕਹਿ ਰਿਹਾ ਹਾਂ, ਉਸ ਵਿਚ ਕੋਈ ਭੁੱਲ ਨਾ ਹੋਵੇ, ਸਰੋਤੇ ਕੀ ਕਹਿਣਗੇ, ਪਰ ਬਣ ਦੇ ਦਰਖ਼ਤ ਤੇ ਝਾੜੀਆਂ ਤਾਂ ਨਾ ਗਲਤੀ ਲਭ ਸਕਦੇ ਹਨ ਅਤੇ ਨਾ ਹੀ ਨੁਕਤਾ-ਚੀਨੀ ਕਰਦੇ ਹਨ।

ਹਾਂ ਅਜਿਹਾ ਕਰਨ ਵਿਚ ਹੌਂਸਲੇ ਅਤੇ ਤਸੱਵਰ ਦੀ ਜ਼ਰੂਰਤ ਹੈ। ਕਿਸੇ ਸਿਆਣੇ ਦਾ ਕਹਿਣਾ ਹੈ—"ਹਰ ਸਫਲਤਾ ਦਾ ਸਾਧਨ ਸਬਰ ਹੀ ਹੈ।" ਚੁਨਾਂਚਿ ਸਬਰ ਨਾਲ ਬੋਲਣ ਦਾ ਅਭਿਆਸ ਜਾਰੀ ਰੱਖਣਾ ਵਕਤਾ ਨੂੰ ਸਫਲਤਾ ਦੀ ਸਿਖਰ 'ਤੇ ਲੈ ਜਾਂਦਾ ਹੈ। ਕਿਸੇ ਖੁਲ੍ਹੇ ਕਮਰੇ ਵਿਚ ਤਸਵੀਰਾਂ ਲਟਕਾ ਕੇ ਉਨ੍ਹਾਂ ਦੇ ਸਾਹਮਣੇ ਬੋਲਣਾ ਵੀ ਇਕ ਸਾਧਨ ਹੈ। ਇਹ ਬ੍ਰਿਛਾਂ ਦੇ ਸਾਹਮਣੇ ਬੋਲਣ ਨਾਲੋਂ ਵਧੇਰੇ ਲਾਭਦਾਇਕ ਸਾਬਤ ਹੋ ਸਕਦਾ ਹੈ। ਸ਼ੁਰੂ ਕਰਨ ਵਾਲੇ ਕਦੀ-ਕਦੀ ਕਦ-ਆਦਮ ਸ਼ੀਸ਼ੇ ਦੇ ਸਾਹਮਣੇ ਵੀ ਬੋਲਣਾ ਚਾਹੀਦਾ ਹੈ।

ਅਜਿਹਾ ਕਰਨ ਨਾਲ ਉਸ ਨੂੰ ਆਪਣੀਆਂ ਹਰਕਤਾਂ ਦਾ ਪਤਾ ਲੱਗ ਸਕਦਾ ਹੈ ਤੇ ਉਨ੍ਹਾਂ ਵਿਚ ਕੋਈ ਕੋਝੀ ਹੋਵੇ, ਤਾਂ ਉਸ ਦਾ ਸੁਧਾਰ ਹੋ ਸਕਦਾ ਹੈ। ਜੇ ਛੋਟੇ ਬੱਚਿਆਂ ਅਤੇ ਅਨਪੜ੍ਹ ਮਨੁੱਖਾਂ ਦੇ ਇਕੱਠ ਸਾਹਮਣੇ ਅਭਿਆਸ ਕੀਤਾ ਜਾਵੇ ਤਾਂ ਵੀ ਚੰਗਾ ਹੈ। ਆਰੰਭ ਵਿਚ ਛੋਟੀਆਂ-ਛੋਟੀਆਂ ਤਕਰੀਰਾਂ ਕਰਨੀਆਂ ਤੇ ਉਨ੍ਹਾਂ ਨੂੰ ਬਾਰ-ਬਾਰ ਹੀ ਦੁਹਰਾਣਾ ਚੰਗਾ ਹੈ। ਜੇ ਪਹਿਲਾਂ ਨਿਰੀਆਂ ਸਾਖੀਆਂ ਹੀ ਸੁਣਾਈਆਂ ਜਾਣ ਤਾਂ ਇਹ ਹੋਰ ਵੀ ਸੁਖਦਾਈ ਹੋਵੇਗਾ।

ਪਲੇਟ ਫ਼ਾਰਮ

ਤਕਰੀਰ ਕਰਨ ਵਾਲੇ ਲਈ ਸ਼ਖਸੀਅਤ ਦੇ ਅੰਗਾਂ 'ਤੇ ਵਿਚਾਰ ਕਰਨ ਦੇ ਬਾਅਦ ਪਲੇਟ ਫ਼ਾਰਮ ਸਬੰਧੀ ਭੀ ਕੁਝ ਗੱਲਾਂ ਵੱਲ ਧਿਆਨ ਰੱਖਣਾ ਜ਼ਰੂਰੀ ਹੈ, ਕਿਉਂ ਭਾਸ਼ਣ ਦਾ ਅਸਰ ਕਈ ਗੱਲਾਂ ਮਿਲ ਕੇ ਬਣਦਾ ਹੈ। ਪਹਿਲੀ ਗੱਲ ਤਾਂ ਇਹ ਜ਼ਰੂਰੀ ਹੈ ਕਿ ਸਰੋਤਿਆਂ ਦੇ ਬਹਿਣ ਲਈ ਥਾਂ ਸੁਥਰੀ, ਪੱਧਰੀ ਤੇ ਕਾਫ਼ੀ ਹੋਵੇ, ਕਿਉਂ ਜੋ ਥਾਂ ਅਨੁਕੂਲ ਨਾ ਹੋਣ ਕਰ ਕੇ ਸਰੋਤਿਆਂ ਵਿਚ ਹਿਲਜੁਲ ਰਹੇਗੀ ਪਰ ਇਹ ਖ਼ਿਆਲ ਰੱਖਣਾ ਜ਼ਰੂਰੀ ਹੈ, ਕਿ ਥਾਂ ਹਾਜ਼ਰੀ ਦੇ ਮੁਤਾਬਿਕ ਹੋਵੇ। ਜੇ ਭਾਰੀ ਇਕੱਠ ਦੀ ਉਮੀਦ ਨਾ ਹੋਵੇ, ਤਾਂ ਛੋਟੀ ਥਾਂ 'ਤੇ ਹੀ ਲੈਕਚਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਸਰੋਤਿਆਂ ਦਾ ਮਿਲ ਕੇ ਬੈਠੇ ਹੋਣਾ ਤਕਰੀਰ ਦੀ ਸਫਲਤਾ ਲਈ ਬਹੁਤ ਸਹਾਇਕ ਹੁੰਦਾ ਹੈ। ਜੇ ਥੋੜ੍ਹੇ ਸਰੋਤੇ ਬਾਹਲੀ ਥਾਂ ਵਿਚ ਖਿੰਡ ਕੇ ਬੈਠੇ ਹੋਣ, ਤਾਂ ਬੋਲਣ ਵਾਲੇ ਦੀ ਬਿਰਤੀ ਵਿਚ ਕਮਜ਼ੋਰੀ ਪੈਦਾ ਹੋ ਕੇ ਤਕਰੀਰ ਦਾ ਬਲ ਘਟ ਜਾਵੇਗਾ। ਅਸਲੀ ਗੱਲ ਤਾਂ ਇਹ ਹੈ ਕਿ ਵਕਤਾ ਦੀ ਤਰ੍ਹਾਂ ਸਰੋਤੇ ਭੀ ਇਕ ਜਾਨ ਦਿਸ ਆਉਂਦੇ ਚਾਹੀਦੇ ਹਨ। ਵਕਤਾ ਤੇ ਸਰੋਤਿਆਂ ਦੀਆਂ ਅੱਖਾਂ ਦਾ ਆਪਸ ਵਿਚ ਮਿਲਣਾ, ਇਕ ਅਜਬ ਅਸਰ ਪੈਦਾ ਕਰਦਾ ਹੈ।

ਜੁੜ ਬੈਠੇ ਮਨੁੱਖਾਂ ਦਾ ਇਕੱਠ ਇਹ ਸ਼ਖਸੀਅਤ ਵਾਂਗ ਦਿਸ ਆਉਂਦਾ ਹੈ, ਜਿਸ 'ਤੇ ਬੁਲਾਰਾ ਆਪਣਾ ਮਨ-ਭਾਉਂਦਾ ਅਸਰ ਪਾ ਸਕਦਾ ਹੈ ਪਰ ਜੇ ਇਧਰ ਉਧਰ ਖਿੰਡ ਕੇ ਬੈਠੇ ਹੋਣ, ਤਾਂ ਬੋਲਣ ਵਾਲੇ ਵਿਚ ਕਮਜ਼ੋਰੀ ਪੈਦਾ ਹੋ ਜਾਂਦੀ ਹੈ। ਵਕਤਾ ਨੂੰ ਚਾਹੀਦਾ ਹੈ ਕਿ ਜੇ ਸਰੋਤੇ ਬਾਹਲੀ ਥਾਂ ਵਿਚ ਖਿੰਡ ਕੇ ਬੈਠੇ ਹੋਣ, ਤਾਂ ਉਨ੍ਹਾਂ ਨੂੰ ਇਕੱਠੇ ਹੋ ਕੇ ਨੇੜੇ ਆ ਜਾਣ ਦੀ ਅਪੀਲ ਕਰੇ। ਕਈ ਵੇਰ ਸਰੋਤੇ, ਖ਼ਾਸ ਤੌਰ 'ਤੇ ਸਾਡੀ ਪੇਂਡੂ ਜਨਤਾ ਬੋਲਣ ਵਾਲੇ ਦੀ ਇਸ ਅਪੀਲ ਵੱਲ ਘਟ ਧਿਆਨ ਦੇਂਦੀ ਹੈ ਤੇ ਲੋਕ ਜਿਥੇ ਆ ਬੈਠੇ ਹੋਣ, ਉਥੇ ਹੀ ਬੈਠੇ ਰਹਿਣਾ ਪਸੰਦ ਕਰਦੇ ਹਨ, ਪਰ ਬੋਲਣ ਵਾਲੇ ਨੂੰ ਆਪਣੀ ਗੱਲ 'ਤੇ ਜ਼ੋਰ ਦੇਣਾ ਚਾਹੀਦਾ ਹੈ ਅਤੇ ਤਕਰੀਰ ਸ਼ੁਰੂ ਕਰਨ ਤੋਂ ਪਹਿਲਾਂ, ਇਕੱਠਿਆਂ ਤੇ ਨੇੜੇ ਕਰ ਲੈਣਾ ਚਾਹੀਦਾ ਹੈ।

ਬਹੁਤ ਸਾਰੇ ਬੁਲਾਰਿਆਂ ਦਾ ਇਹ ਖ਼ਿਆਲ ਹੈ ਕਿ ਸਰੋਤਿਆਂ ਦਾ ਵੱਡਾ ਇਕੱਠ ਬੋਲਣ ਵਾਲੇ ਨੂੰ ਵਧੇਰੇ ਉਤਸ਼ਾਹ ਦੇਂਦਾ ਹੈ। ਪ੍ਰਚਾਰਕ ਆਮ ਤੌਰ 'ਤੇ ਉਸ ਵਕਤ ਬੋਲਣਾ ਪਸੰਦ ਕਰਦੇ ਹਨ, ਜਦੋਂ ਕਿ ਸੰਗਤ ਵਧੇਰੇ ਜੁੜ ਜਾਵੇ, ਪਰ ਇਹ ਕੋਈ ਜ਼ਰੂਰੀ ਗੱਲ ਨਹੀਂ। ਅਸਲ ਵਿਚ ਇਕ ਸੁਰ ਜੁੜ ਬੈਠਾ ਇਕੱਠ ਹੀ ਬੋਲਣ ਵਾਲੇ ਨੂੰ ਉਤਸ਼ਾਹ ਦੇਂਦਾ ਹੈ। ਹੈਨਰੀ ਵਾਰਡ ਬੀਚਰ (Henry Ward Beecher) ਦਾ ਕਥਨ ਹੈ, "ਲੋਕ ਆਮ ਤੌਰ 'ਤੇ ਆਖਦੇ ਹਨ, ਕੀ ਤੁਸੀਂ ਖ਼ਿਆਲ ਨਹੀਂ ਕਰਦੇ ਕਿ ਵੱਡ ਇਕੱਠ ਦੇ ਸਾਹਮਣੇ ਬੋਲਣਾ ਛੋਟੇ ਦੇ ਸਾਹਮਣੇ ਬੋਲਣ ਨਾਲੋਂ ਵਧੇਰੇ ਉਤਸ਼ਾਹ ਦੇਣ ਵਾਲਾ ਹੁੰਦਾ ਹੈ। ਮੈਂ ਕਹਿੰਦਾ ਹਾਂ, ਨਹੀਂ। ਮੈਂ ਬਾਰਾਂ ਆਦੀਆਂ ਦੇ ਸਾਹਮਣੇ ਭੀ ਉਤਨਾਂ ਚੰਗਾ ਹੀ ਬੋਲ ਸਕਦਾ ਹਾਂ, ਜਿਤਨਾ ਕਿ ਹਜ਼ਾਰ ਦੇ ਸਾਹਮਣੇ, ਜੇ ਕਰ ਉਹ ਬਾਰਾਂ ਇਕ ਦੂਜੇ ਦੇ ਨਾਲ ਜੁੜ ਕੇ ਮੇਰੇ ਆਲੇ ਦੁਆਲੇ ਬੈਠੇ ਹੋਣ ਪਰ ਹਜ਼ਾਰ ਆਦਮੀ ਤੁਹਾਡੇ ਸਾਹਮਣੇ ਇਸ ਤਰ੍ਹਾਂ ਬੈਠਾ ਹੋਵੇ, ਕਿ ਇਕ ਦੂਜੇ ਦੇ ਦਰਮਿਆਨ ਚਾਰ ਫੁਟ ਦਾ ਫ਼ਾਸਲਾ ਹੋਵੇ ਤਾਂ ਉਸ ਦਾ ਅਸਰ ਅਜਿਹਾ ਹੀ ਹੋਵੇਗਾ ਜਿਹਾ ਕਿ ਖਾਲੀ ਕਮਰੇ ਦੇ ਸਾਹਮਣੇ ਬੋਲਣ ਦਾ। ਆਪਣੇ ਸਰੋਤਿਆਂ ਨੂੰ ਇਕੱਠੇ ਕਰ

ਕੇ ਬਹਾਓ ਤੇ ਫਿਰ ਤੁਸੀਂ ਅੱਧੇ ਯਤਨ ਨਾਲ ਉਹ ਅਸਰ ਪਾ ਸਕੋਗੇ, ਜਿਹੜਾ ਕਿ ਖਿੰਡਿਆਂ ਹੋਇਆਂ ਉੱਤੇ ਉਸੇ ਤੋਂ ਦੂਗਨੇ ਨਾਲ ਪੈ ਸਕੇ।

ਬੋਲਣ ਵਾਲੇ ਲਈ ਲਾਜ਼ਮੀ ਹੈ ਕਿ ਉਹ ਤਕਰੀਰ ਸ਼ੁਰੂ ਕਰਨ ਤੋਂ ਪਹਿਲਾਂ ਸਟੇਜ 'ਤੇ ਨਾ ਜਾ ਬਹੇ। ਐਨ ਲੈਕਚਰ ਸ਼ੁਰੂ ਕਰਨ ਸਮੇਂ ਸਟੇਜ ਤੇ ਆਉਣਾ ਵਧੇਰੇ ਚੰਗਾ ਹੈ ਕਿਉਂਕਿ ਪਹਿਲਾਂ ਸਟੇਜ 'ਤੇ ਆ ਬੈਠਣ ਨਾਲ ਜੋ ਸਰੋਤਿਆਂ ਵਿਚ ਉਸ ਦੇ ਦਰਸ਼ਨ ਲਈ ਦਿਲਚਸਪੀ ਹੈ, ਉਹ ਘਟ ਜਾਵੇਗੀ। ਇਸੇ ਤਰ੍ਹਾਂ ਹੀ ਤਕਰੀਰ ਖ਼ਤਮ ਕਰਨ ਦੇ ਬਾਅਦ ਭੀ ਸਟੇਜ ਤੋਂ ਝਟ ਹੀ ਉਤਰ ਸਰੋਤਿਆਂ ਵਿਚ ਰਲ ਜਾਣਾ ਚਾਹੀਦਾ ਹੈ ਸਰੋਤਿਆਂ ਨੂੰ ਇਹ ਮਹਿਸੂਸ ਕਰਾਉਣਾ ਚਾਹੀਦਾ ਹੈ ਕਿ ਵਕਤਾ ਉਨ੍ਹਾਂ ਵਿੱਚੋਂ ਇਕ ਹੀ ਹੈ। ਕਿਸੇ ਕਿਸਮ ਦੇ ਉਚੇਚੇ ਤੇ ਨਖਰੇ ਨੂੰ ਪ੍ਰਗਟ ਨਹੀਂ ਹੋਣ ਦੇਣਾ ਚਾਹੀਦਾ।

ਬੁਲਾਰੇ ਨੂੰ ਸਟੇਜ 'ਤੇ ਖਲੋਣ ਸਮੇਂ ਲਗਦੇ ਵਾਹ ਕੋਈ ਮੇਜ਼ ਅੱਗੇ ਨਹੀਂ ਰੱਖਣੀ ਚਾਹੀਦੀ। ਉਸ ਨੂੰ ਸਾਫ਼ ਤੇ ਪ੍ਰਗਟ ਜਨਤਾ ਦੇ ਸਾਹਮਣੇ ਖਲੋਣਾ ਚਾਹੀਦਾ ਹੈ। ਮੇਜ਼ ਹੋਣ ਕਰ ਕੇ ਹੀ ਕਈ ਬੋਲਣ ਵਾਲਿਆਂ ਨੂੰ ਮੇਜ਼ ਦੇ ਆਸਰੇ ਝੁਕ ਕੇ ਖਲੋਣ ਤੇ ਕਈ ਵੇਰੀ ਮੇਜ਼ 'ਤੇ ਮੁੱਕੀਆਂ ਮਾਰਨ ਦੀ ਆਦਤ ਪੈ ਜਾਂਦੀ ਹੈ, ਜੋ ਬੜੀ ਕੋਝੀ ਤੇ ਹਾਸੇ-ਹੀਣੀ ਹੁੰਦੀ ਹੈ। ਕਈ ਵੇਰ ਮੇਜ਼ 'ਤੇ ਫੁੱਲਾਂ ਦੇ ਗੁਲਦਸਤੇ ਯਾ ਹੋਰ ਮਨੋਰੰਜਨ ਚੀਜ਼ਾਂ ਰੱਖ ਦਿੱਤੀਆਂ ਜਾਂਦੀਆਂ ਹਨ, ਜਿਹੜੀਆਂ ਕਿ ਸਰੋਤਿਆਂ ਦੀ ਤਵੱਜੋਂ ਆਪਣੇ ਵੱਲ ਖਿੱਚ ਲੈਂਦੀਆਂ ਹਨ, ਜਿਸ ਕਰ ਕੇ ਤਕਰੀਰ ਦਾ ਲਗਾਤਾਰ ਅਸਰ ਘਟਦਾ ਹੈ। ਤਕਰੀਰ ਕਰਨ ਸਮੇਂ ਬੋਲਣ ਵਾਲੇ ਦੀ ਸ਼ਖ਼ਸੀਅਤ ਪਹਿਲੀ ਚੀਜ਼ ਹੈ। ਇਸ ਲਈ ਉਸ ਨੂੰ ਪੂਰਾ-ਪੂਰਾ ਜਨਤਾ ਦੇ ਸਾਹਮਣੇ ਆਉਣ ਦੇਣਾ ਚਾਹੀਦਾ ਹੈ। ਵਕਤਾ ਨੂੰ ਸਰੋਤਿਆਂ ਦੇ ਸਾਹਮਣੇ ਆਉਂਦਿਆਂ ਹੀ ਸਿੱਧਾ ਤੁਕ ਖਲੋ ਜਾਣਾ ਚਾਹੀਦਾ ਹੈ ਤੇ ਪਿਆਰ ਭਰੀ ਨਿਗਾਹ ਉਨ੍ਹਾਂ 'ਤੇ ਮਾਰ ਕੇ ਬੋਲਣਾ ਆਰੰਭ ਕਰਨਾ ਚਾਹੀਦਾ ਹੈ। ਸਟੇਜ ਭਾਰੀ ਇਕੱਠ ਤੋਂ ਬਗ਼ੈਰ ਕਦੀ ਬਹੁਤ ਉੱਚਾ ਨਹੀਂ ਹੋਣਾ ਚਾਹੀਦਾ। ਬੋਲਣ ਸਮੇਂ ਵਕਤਾ ਨੂੰ ਪਹਿਲਾਂ ਸੀਵੀਂ ਸੁਰ ਵਿਚ ਬੋਲਣਾ ਸ਼ੁਰੂ ਕਰਨਾ

ਚਾਹੀਦਾ ਹੈ, ਜੇ ਪਹਿਲਾਂ ਹੀ ਉੱਚੀ ਸੁਰ ਨਾਲ ਸ਼ੁਰੂ ਕੀਤਾ ਜਾਵੇਗਾ ਤੇ ਲੈਕਚਰ ਸਿਰੇ ਨਹੀਂ ਚੜ੍ਹ ਸਕੇਗਾ।

ਰੌਸ਼ਨੀ

ਵਕਤਾ ਨੂੰ ਇਸ ਗੱਲ ਦਾ ਖ਼ਿਆਲ ਜ਼ਰੂਰ ਕਰ ਲੈਣਾ ਚਾਹੀਦਾ ਹੈ ਕਿ ਲੈਕਚਰ ਹਾਲ ਜਾ ਕਿਸੇ ਖੁਲ੍ਹੇ ਮੈਦਾਨ ਵਿਚ ਹੋ ਰਹੇ ਇਕੱਠ ਸਮੇਂ ਰੌਸ਼ਨੀ ਦਾ ਇੰਤਜ਼ਾਮ ਕਾਫ਼ੀ ਹੋਵੇ। ਤਕਰੀਰਾਂ ਕਰਨ ਦਾ ਰਿਵਾਜ ਸੰਸਾਰ ਵਿਚ ਆਮ ਤੌਰ 'ਤੇ ਅਤੇ ਸਾਡੇ ਦੇਸ਼ ਵਿਚ ਖ਼ਾਸ ਤੌਰ 'ਤੇ ਰਾਤ ਨੂੰ ਜਿਆਦਾ ਹੈ। ਇਸ ਲਈ ਰੌਸ਼ਨੀ ਦਾ ਇੰਤਜ਼ਾਮ ਇਕ ਬੜੀ ਮੁੱਖ ਗੱਲ ਹੈ। ਕਾਫ਼ੀ ਰੌਸ਼ਨੀ ਤੋਂ ਬਗ਼ੈਰ ਨਾ ਹੀ ਸਰੋਤੇ ਵਕਤਾ ਨੂੰ ਅਤੇ ਨਾ ਹੀ ਵਕਤਾ ਸਰੋਤਿਆਂ ਨੂੰ ਦੇਖ ਸਕਦਾ ਹੈ। ਪੂਰੇ ਚਾਨਣ ਤੋਂ ਬਿਨਾਂ ਤਕਰੀਰ ਦਾ ਅਸਰ ਸਰੋਤਿਆਂ 'ਤੇ ਪੂਰਾ ਨਹੀਂ ਪੈ ਸਕਦਾ। ਧੁੰਦਲੀ ਰੌਸ਼ਨੀ ਵਿਚ ਬੋਲਣ ਦਾ ਅਸਰ ਵੀ ਧੁੰਦਲਾ ਪੈ ਜਾਂਦਾ ਹੈ, ਕਿਉਂ ਜੋ ਤਾਸੀਰ ਨਿਰੇ ਵਕਤਾ ਦੇ ਬੋਲਾਂ ਤੋਂ ਨਹੀਂ ਪੈਦਾ ਹੁੰਦੀ, ਸਗੋਂ ਉਸ ਦੇ ਦਰਸ਼ਨ, ਬਤਾਵੇ ਤੇ ਬੋਲ ਮਿਲ ਕੇ ਅਸਰ ਪੈਦਾ ਕਰਦੇ ਹਨ ਪਰ ਜੇ ਰੌਸ਼ਨੀ ਕਾਫੀ ਨਾ ਹੋਵੇ, ਤਾਂ ਇਹ ਅਸਰ ਕਿਥੋਂ ਪੈਦਾ ਹੋਵੇਗਾ ? ਹਾਂ ਜੇ ਚਾਰੇ ਬੰਨ੍ਹੇ ਪੂਰੀ ਰੌਸ਼ਨੀ ਦਾ ਪ੍ਰਬੰਧ ਨਾ ਹੋ ਸਕੇ, ਤਾਂ ਇਤਨਾ ਤਾਂ ਜ਼ਰੂਰ ਕਰ ਲੈਣਾ ਚਾਹੀਦਾ ਹੈ ਕਿ ਬੋਲਣ ਵਾਲੇ ਦੇ ਚਿਹਰੇ 'ਤੇ ਕਾਫੀ ਰੌਸ਼ਨੀ ਪੈ ਰਹੀ ਹੋਵੇ। ਜੇ ਵਕਤਾ ਚਿਹਰੇ ਸਰੋਤਿਆਂ ਨੂੰ ਚੰਗੀ ਤਰ੍ਹਾਂ ਨਾ ਦਿੱਸਿਆ, ਤਾਂ ਉਨ੍ਹਾਂ ਵਿੱਚੋਂ ਬਹੁਤ ਸਾਰੇ ਛੇਤੀ ਹੀ ਉਕਤਾ ਜਾਣਗੇ ਤੇ ਉਠਣਾ ਸ਼ੁਰੂ ਕਰ ਦੇਣਗੇ। ਇਹ ਹਿਲਜੁਲ ਬੋਲਣ ਵਾਲੇ 'ਤੇ ਭੀ ਖ਼ਾਸ ਅਸਰ ਪਾਉਂਦੀ ਤੇ ਉਤਸ਼ਾਹ ਨੂੰ ਘਟਾਂਦੀ ਹੈ।

ਹਵਾ

ਰੌਸ਼ਨੀ ਦੇ ਬਾਅਦ ਹਵਾ ਦਾ ਖ਼ਿਆਲ ਭੀ ਜ਼ਰੂਰੀ ਹੈ। ਇਸ ਦੇ ਦੋ ਅੰਗ ਹਨ, ਇਕ ਹਵਾ ਦਾ ਬੁਲਾਰੇ 'ਤੇ ਅਸਰ ਤੇ ਦੂਜਾ ਹਵਾ ਬਿਨਾਂ

ਸਰੋਤਿਆਂ ਦੀ ਘਬਰਾਹਟ। ਪਹਿਲੀ ਗੱਲ ਸਬੰਧੀ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਵਕਤਾ ਤਕਰੀਰ ਸ਼ੁਰੂ ਕਰਨ ਤੋਂ ਪਹਿਲਾਂ ਹਵਾ ਦਾ ਰੁਖ ਜਾਚ ਲਵੇ ਤੇ ਕਦੀ ਵੀ ਉਸ ਤਰਫ ਮੂੰਹ ਕਰ ਕੇ ਨਾ ਖੜੋਵੇ ਜਿਧਰੋਂ ਹਵਾ ਆ ਰਹੀ ਹੋਵੇ, ਕਿਉਂ ਜੋ ਅਜਿਹਾ ਕਰਨ ਨਾਲ ਇਕ ਤਾਂ ਹਵਾ ਉਸ ਦਾ ਗਲ ਨਾ ਫੜੇਗੀ, ਤੇ ਦੂਜਾ ਉਸ ਦੀ ਆਵਾਜ਼ ਨੂੰ ਜਨਤਾ ਤਕ ਅੱਪੜਨ ਤੋਂ ਰੋਕੇਗੀ। ਲੈਕਚਰਾਰ ਦਾ ਗਲਾ ਘੜੀ-ਮੜੀ ਸੁਕੇਗਾ, ਨੂੰ ਆਵਾਜ਼ ਤੇ ਵਧੇਰੇ ਜ਼ੋਰ ਦੇਣ ਕਰ ਕੇ ਖਿਆਲਾਤ ਵੱਲੋਂ ਧਿਆਨ ਦੀ ਸ਼ਕਤੀ ਘਟੇਗੀ, ਦੂਸਰਾ ਅੰਗ ਹਵਾ ਦੀ ਸਰੋਤਿਆਂ ਲਈ ਲੋੜ ਦਾ ਹੈ। ਖ਼ਾਸ ਤੇ ਜੇ ਲੈਕਚਰ ਕਿਸੇ ਹਾਲ ਵਿਚ ਹੋ ਰਿਹਾ ਹੋਵੇ, ਤਾਂ ਹਵਾ ਦਾ ਤਾਜ਼ਾ ਰੱਖਣਾ ਬੜਾ ਜ਼ਰੂਰੀ ਹੈ। ਸਾਡੇ ਗਰਮ ਦੇਸ਼ ਵਿਚ ਤਾਂ ਇਸ ਅੰਗ ਦੀ ਭਾਰੀ ਮਹੱਤਤਾ ਹੈ। ਇਹੀ ਕਾਰਨ ਹੈ ਕਿ ਸਾਡੇ ਅੰਦਰ ਸੰਗਤ ਨੂੰ ਪੱਖਾ ਫੇਰਨਾ ਉਤਮ ਸੇਵਾ ਦੱਸੀ ਗਈ ਹੈ।

ਕਾਫ਼ੀ ਤੇ ਤਾਜੀ ਹਵਾ ਤੋਂ ਬਗੈਰ ਸਰੋਤਿਆਂ ਵਿਚ ਘਬਰਾਹਟ ਪੈਦਾ ਹੋ ਜਾਵੇਗੀ। ਜੇ ਪੱਖੇ ਬਿਜਲੀ ਦੇ ਹੋਣ, ਤਾਂ ਉਨ੍ਹਾਂ ਦੀ ਚਾਲ ਵਾਜਬੀ ਕਰ ਦੇਣੀ ਚਾਹੀਦੀ ਹੈ, ਕਿਉਂ, ਜੋ ਉਨ੍ਹਾਂ ਦੀ ਤੇਜ ਚਾਲ ਕਰ ਕੇ ਨਿਕਲੀ ਹੋਈ ਆਵਾਜ਼ ਸਰੋਤਿਆਂ ਦੀ ਤਵੱਜੋਂ ਨੂੰ ਆਪਣੀ ਵੱਲ ਨਾ ਖਿੱਚੇ। ਜੇ ਪੱਖੇ ਦਸਤੀ ਹੋਣ ਤਾਂ ਫੇਰਨ ਵਾਲਿਆਂ ਨੂੰ ਅਜੇਹੀ ਥਾਂ ਖੜ੍ਹੋ ਕੇ ਕਰਨਾ ਚਾਹੀਦਾ ਹੈ, ਜਿਥੋਂ ਕਿ ਉਹ ਵਕਤਾ ਤੇ ਸਰੋਤਿਆਂ ਦੇ ਦਰਮਿਆਨ ਨਾ ਜਾਣ ਅਤੇ ਦੋਹਾਂ ਦਾ ਪਰਸਪਰ ਧਿਆਨ ਨਾ ਟੁੱਟ ਜਾਵੇ।

ਪਰ ਜੇ ਮਜਬੂਰਨ ਅਜਿਹਾ ਨਾ ਹੋ ਸਕੇ, ਤਾਂ ਪੱਖਾ ਫੇਰਨ ਨੂੰ ਜਲਦੀ ਜਲਦੀ ਆਪਣੀ ਥਾਂ ਬਦਲਦੇ ਰਹਿਣਾ ਚਾਹੀਦਾ ਹੈ। ਇਹ ਭੀ ਖਿਆਲ ਰੱਖਣਾ ਚਾਹੀਦਾ ਹੈ, ਕਿ ਤਕਰੀਰ ਕਰਨ ਵਾਲੀ ਥਾਂ ਵਿਚ ਤੇਜ਼ ਹਵਾ ਨਾ ਚਲ ਰਹੀ ਹੋਵੇ, ਕਿਉਂ ਜੋ ਅਜਿਹਾ ਹੋਣ ਦੀ ਸੂਰਤ ਵਿਚ ਕਦੀ ਬੱਤੀਆਂ ਦਾ ਬੁਝਣ ਕਦੀ ਵਕਤਾ ਦੇ ਗਲੇ ਦਾ ਰੁਕਣਾ ਅਤੇ ਕਦੀ ਕਿਸੇ ਪਾਸੇ ਆਵਾਜ਼ ਨਾ ਪਹੁੰਚ ਸਕਣਾ, ਤਕਰੀਰ ਨੂੰ ਫਿਕਾ ਪਾ ਦੇਵੇਗਾ।

ਸਾਮਾਨ

ਲੈਕਚਰਾਰ ਨੂੰ ਤਕਰੀਰ ਸ਼ੁਰੂ ਕਰਨ ਤੋਂ ਪਹਿਲਾਂ ਲੋੜਵੰਦੇ ਜ਼ਰੂਰੀ ਸਾਮਾਨ ਵੱਲ ਧਿਆਨ ਮਾਰ ਲੈਣਾ ਚਾਹੀਦਾ ਹੈ। ਉਹ ਸਾਮਾਨ ਦੋ ਕਿਸਮ ਦੇ ਹਨ—ਇਕ ਜੋ ਕੁਝ ਬੋਲਣਾ ਹੈ, ਉਸ ਸਬੰਧੀ ਤੇ ਦੂਜਾ ਬੋਲ ਸਬੰਧੀ। ਤਕਰੀਰ ਕਰਨ ਵਾਲੇ ਨੂੰ ਬਹੁਤ ਵੇਰ ਆਪਣੇ ਬਿਆਨ ਕੀਤੇ ਹੋਏ ਵਾਕਿਆ ਜਾ ਦਲੀਲ ਦੇ ਸਬੂਤ ਲਈ ਕਈ ਕਿਤਾਬਾਂ ਦਾ ਹਵਾਲਾ ਦੇਣਾ ਪੈਂਦਾ ਹੈ। ਵਕਤਾ ਲਈ ਜ਼ਰੂਰੀ ਹੈ ਕਿ ਉਹ ਤਕਰੀਰ ਕਰਨ ਤੋਂ ਪਹਿਲਾਂ ਵੇਖ ਲਵੇ ਕਿ ਲੋੜਵੰਦੀਆਂ ਪੁਸਤਕਾਂ ਮੌਜੂਦ ਹਨ। ਕਈ ਬੁਲਾਰੇ ਖ਼ਾਸ ਤੌਰ 'ਤੇ ਜੋ ਲੈਕਚਰ ਕਰਨਾ ਸਿੱਖ ਰਹੇ ਹੁੰਦੇ ਹਨ ਜਾਂ ਜੋ ਬਹੁਤ ਯਹੀਨ ਨਹੀਂ ਹੁੰਦੇ, ਆਪਣੀ ਤਕਰੀਰ ਦੇ ਨੋਟ ਕਿਸੇ ਖ਼ਾਸ ਕਾਪੀ ਜਾਂ ਕਾਗਜ਼ 'ਤੇ ਕਰ ਲੈਂਦੇ ਹਨ ਤੇ ਜਾਂ ਉਹ ਕਾਪੀ ਜਾਂ ਕਾਗਜ਼ ਬਦਕਿਸਮਤੀ ਨਾਲ ਕਿਤੇ ਭੁੱਲ ਜਾਣ ਤਾਂ ਸਟੇਜ 'ਤੇ ਉਨ੍ਹਾਂ ਦੇ ਭਾ ਦੀ ਬਣ ਜਾਂਦੀ ਹੈ। ਉਹ ਘਬਰਾ ਉਠਦੇ ਹਨ 'ਤੇ ਸਟੇਜ ਤੇ ਹਾਸੋ-ਹੀਣੀ ਜਿਹੀ ਸੂਰਤ ਪੈਦਾ ਕਰ ਦਿੰਦੇ ਹਨ। ਅਜਿਹੇ ਸੱਜਣਾਂ ਲਈ ਜ਼ਰੂਰੀ ਹੈ ਕਿ ਉਹ ਉਠਣ ਤੋਂ ਪਹਿਲਾਂ ਪਹਿਲਾਂ ਆਪਣੇ ਕਾਗਜ਼ ਸੰਭਾਲ ਲੈਣ ਤੇ ਨੋਟਾਂ ਨੂੰ ਤਰਤੀਬ ਦੇ ਲੈਣ। ਕਈ ਐਨਕ ਹੀ ਭੁੱਲ ਆਉਂਦੇ ਹਨ ਤੇ ਵੇਲੇ ਸਿਰ ਡਾਢੇ ਔਖੇ ਹੁੰਦੇ ਹਨ। ਇਹ ਗੱਲਾਂ ਭਾਵੇਂ ਦੇਖਣ ਨੂੰ ਛੋਟੀਆਂ-ਛੋਟੀਆਂ ਹਨ ਪਰ ਵਰਤੋਂ ਵਿਚ ਭਾਰਾ ਅਸਰ ਰੱਖਦੀਆਂ ਹਨ। ਇਸੇ ਤਰ੍ਹਾਂ! ਉਹ ਹੀ ਸਮਾਨ ਜੋ ਆਵਾਜ਼ ਨਾਲ ਤਅੱਲਕ ਰੱਖਦਾ ਹੈ, ਉਸ ਦਾ ਵੇਲੇ ਸਿਰ ਪ੍ਰਬੰਧ ਕਰ ਲੈਣਾ ਚਾਹੀਦਾ ਹੈ, ਜਿਹਾ ਕਿ ਲਾਊਡ ਸਪੀਕਰਾਂ ਦਾ ਅੱਜ ਕਲ੍ਹ ਦੇ ਸਮੇਂ ਵਿਚ, ਕੋਈ ਭੀ ਤਕਰੀਰ ਲਾਊਡ ਸਪੀਕਰਾਂ ਤੋਂ ਬਿਨਾਂ ਸਹੀ ਅਰਥਾਂ ਵਿਚ ਸਫਲ ਨਹੀਂ ਹੋ ਸਕਦੀ ਤੇ ਤਕਰੀਰ ਦੇ ਦੌਰਾਨ ਵਿਚ ਹੀ ਲਾਊਡ ਸਪੀਕਰਾਂ ਦਾ ਫਿਹਲ ਹੋ ਜਾਣਾ ਵਕਤਾ ਲਈ ਭਾਰੀ ਹਾਣੀਕਾਰਕ ਹੁੰਦਾ ਹੈ। ਇਸ ਲਈ ਉਸ ਦੀ ਮਸ਼ੀਨਰੀ

ਦੇ ਅੱਡੋ-ਅੱਡ ਅੰਗਾਂ ਦਾ ਵੇਲੇ ਸਿਰ ਖ਼ਿਆਲ ਕਰ ਲੈਣਾ ਜ਼ਰੂਰੀ ਹੈ। ਉਸ ਦੀਆਂ ਬੈਟਰੀਆਂ ਕਮਜ਼ੋਰ ਨਾ ਹੋਣ ਤੇ ਮਾਈਕਰੋਫ਼ੋਨ ਠੀਕ ਹਾਲਤ ਵਿਚ ਹੋਵੇ।

ਸਾਡੇ ਦੇਸ਼ ਦੇ ਬੋਲਣ ਵਾਲਿਆਂ ਵਿਚ, ਖ਼ਾਸ ਤੌਰ 'ਤੇ ਗ਼ੈਰ ਮੁਸਲਿਮ ਧਾਰਮਿਕ ਪ੍ਰਚਾਰਕ ਬਹੁਤ ਵੇਰ ਤਕਰੀਰ ਦੇ ਵਿਚ ਕੋਈ ਨਾ ਕੋਈ ਭਜਨ ਜਾ ਕਵਿਤਾ ਗਾ ਕੇ ਸੁਣਾਂਦੇ ਹਨ। ਇਸ ਲਈ ਉਨ੍ਹਾਂ ਨੂੰ ਵਾਜਬ ਹੈ ਕਿ ਤਕਰੀਰ ਸ਼ੁਰੂ ਕਰਨ ਤੋਂ ਪਹਿਲਾਂ ਲੋੜਵੰਦੇ ਸਾਜ਼ਾਂ ਦਾ ਫ਼ਿਕਰ ਕਰ ਲੈਣ। ਇਹ ਨਹੀਂ ਚਾਹੀਦਾ ਕਿ ਜਦ ਤਕਰੀਰ ਦਾ ਰਸ ਬੱਝ ਰਿਹਾ ਹੋਵੇ ਤਾਂ ਵਿੱਚੋਂ ਹੀ ਪੁੱਛਿਆ ਜਾਵੇ ਕਿ ਢੋਲਕੀ ਕਿਥੇ ਹੈ, ਵਾਜਾ ਲਿਆਓ, ਛੈਣੇ ਸੰਭਾਲੋ। ਅਜਿਹਾ ਕਰਨ ਨਾਲ ਤਕਰੀਰ ਦੀ ਤਾਰ ਟੁੱਟ ਜਾਵੇਗੀ ਤੇ ਮਜਲਸ ਫਿੱਕੀ ਪੈ ਜਾਵੇਗੀ।

ਲੈਕਚਰ

ਹੁਣ ਅਸੀਂ ਬੋਲਣ ਬਲ ਦੇ ਸਭ ਤੋਂ ਵੱਡੇ ਅੰਗ ਵਿਆਖਿਆਨ ਨੂੰ ਲੈਂਦੇ ਹਾਂ। ਵਿਆਖਿਆਨ ਇਕ ਤਕਰੀਰ ਦੀ ਅਜਿਹੀ ਲੜੀ ਦਾ ਨਾਮ ਹੈ, ਜਿਸ ਵਿਚ ਬੋਲਣ ਵਾਲੇ ਦੀ ਨੀਯਤ ਮਜ਼ਮੂਨ ਸਬੰਧੀ ਵਾਕਿਆਤ, ਦਲੀਲਾਂ ਤੇ ਪ੍ਰਮਾਣਾਂ ਨੂੰ ਪ੍ਰੋਇਆ ਹੋਇਆ ਹੋਵੇ। ਸੋ ਜਿਸ ਤਰ੍ਹਾਂ ਕਿਸੇ ਫੁੱਲਾਂ ਦੇ ਹਾਰ ਬਣਾ ਕੇ ਵੇਚਣ ਵਾਲੇ ਦੀ ਦੁਕਾਨ ਵਿਚ ਭਾਂਤ-ਭਾਂਤ ਦੇ ਟੋਕਰੇ ਭਰੇ ਹੋਏ ਹੋਣ ਤੇ ਜੌਹਰੀ ਦੀ ਹੱਟ ਵਿਚ ਕਿਸਮ-ਕਿਸਮ ਦੇ ਕੀਮਤੀ ਪੱਥਰਾਂ ਦੀਆਂ ਡੱਬੀਆਂ ਭਰੀਆਂ ਹੋਣੀਆਂ ਜ਼ਰੂਰੀ ਹਨ, ਉਸ ਤਰ੍ਹਾਂ ਹੀ ਇਕ ਕਾਮਯਾਬ ਬੁਲਾਰੇ ਦੇ ਦਿਮਾਗ਼ ਵਿਚ ਕਈ ਇਕ ਮਜ਼ਮੂਨਾਂ ਦਾ ਭਾਰੀ ਖਜ਼ਾਨਾ ਹੋਣਾ ਜ਼ਰੂਰੀ ਹੈ।

ਜਿਸ ਤਰ੍ਹਾਂ ਹਵਾ ਚੱਲਣ 'ਤੇ ਤਾਲਾਬ 'ਤੇ ਲਹਿਰਾਂ ਪੈਂਦੀਆਂ ਹਨ, ਤੇ ਜਿਤਨਾ ਵਧੇਰੇ ਪਾਣੀ ਕਿਸੇ ਝੀਲ ਵਿਚ ਹੋਵੇ, ਉਤਨੀ ਹੀ ਉੱਚੀ ਲਹਿਰ ਉੱਠਦੀ ਹੈ, ਉਸੇ ਤਰ੍ਹਾਂ ਹੀ ਵਿਦਵਾਨ ਵਕਤਾ ਦੇ ਦਿਲੋਂ ਲੈਕਚਰ ਲਹਿਰ ਵਾਂਗ ਉੱਠਦਾ ਹੈ ਤੇ ਉਹ ਉਨ੍ਹਾਂ ਹੀ ਉਚੇਰਾ ਵਿਖਿਆਨ ਦੇ ਸਕੇਗਾ,

ਜਿਤਨਾ ਭੀ ਜ਼ਿਆਦਾ ਪੜ੍ਹੇ ਉਤਨਾ ਹੀ ਥੋੜ੍ਹਾ ਹੈ। ਸਾਡੇ ਖ਼ਿਆਲ ਵਿ ਲੈਕਚਰਾਰ ਨੂੰ ਹੱਥ ਆਇਆ ਕੋਈ ਵੀ ਕਾਗਜ਼ ਉਸ ਦੀ ਲਿਖਤ ਪੜ੍ਹੇ ਤੋਂ ਬਿਨਾਂ ਸੁਟਣਾ ਨਹੀਂ ਚਾਹੀਦਾ। ਕਈ ਵੇਰ ਕਿਤਾਬਾਂ ਦੇ ਟੁੱਟੇ-ਫੁੱਟੇ ਵਰਕਿਆਂ ਤੇ ਪੁਰਾਣੇ ਕਾਗਜ਼ਾਂ ਤੇ ਬੜੀਆਂ ਲੋੜਵੰਦੀਆਂ ਗੱਲਾਂ ਲਿਖੀਆਂ ਹੋਈਆਂ ਹੁੰਦੀਆਂ ਹਨ। ਸਿੱਖ ਇਤਿਹਾਸ ਦੇ ਮਸ਼ਹੂਰ ਖੋਜੀ, ਪ੍ਰੋ: ਗੰਡਾ ਸਿੰਘ ਜੀ ਖਾਲਸਾ ਕਾਲਜ ਨੇ ਆਪਣੀ ਇਤਿਹਾਸ ਦੀ ਖੋਜ ਉਤੇ ਵਿਆਖਿਆਨ ਦੇਂਦਿਆਂ ਹੋਇਆਂ ਦੱਸਿਆ ਹੈ ਕਿ ਉਨ੍ਹਾਂ ਦੇ ਕਿਸੇ ਥਾਂ ਇਕ ਬੱਚੇ ਦੇ ਹੱਥ ਵਿਚ ਮੈਲਾ ਜਿਹਾ ਪੁਰਾਣਾ ਗੱਤਾ ਦੇਖਿਆ। ਜਦ ਉਨ੍ਹਾਂ ਨੇ ਆਪਣੇ ਖੋਜੀ ਸੁਭਾਅ ਅਨੁਸਾਰ ਉਸ ਨੂੰ ਪੜ੍ਹਿਆ ਤਾਂ ਪਤਾ ਲੱਗਾ, ਜੋ ਉਹ ਉਸ ਪ੍ਰਣ-ਪੱਤਰ ਦੀ ਨਕਲ ਹੈ, ਜੋ ਸਿੰਘ ਸਰਦਾਰਾਂ ਨੇ ਅੰਗ੍ਰੇਜ਼ਾਂ ਨਾਲ ਲੜਾਈ 'ਤੇ ਚੜ੍ਹਨ ਸਮੇਂ ਆਪੋ ਵਿਚ ਦੀ ਫ਼ੈਸਲਾ ਕਰ ਕੇ ਲਿਖਿਆ ਸੀ। ਸਰਦਾਰ ਜੀ ਦੇ ਪੁੱਛਣ 'ਤੇ ਉਸ ਕਾਕੇ ਦੱਸਿਆ ਕਿ ਉਹੋ ਜਿਹੇ ਕਈ ਗੱਤੇ ਤੂੜੀ ਵਾਲੇ ਅੰਦਰ ਪਏ ਹਨ।

ਸਾਡਾ ਮਤਲਬ ਇਸ ਮਿਸਾਲ ਤੋਂ ਇਹ ਹੈ ਕਿ ਇਕ ਲੈਕਚਰਾਰ ਲਈ ਹਰ ਕਿਸਮ ਦਾ ਕਾਗਜ਼ ਪੜ੍ਹਨ ਗੋਚਰਾ ਹੈ। ਖ਼ਾਸ ਤੌਰ 'ਤੇ ਇਤਿਹਾਸ ਸਬੰਧੀ ਲੈਕਚਰ ਦੇਣ ਵਾਲਿਆਂ ਨੂੰ ਤਾਂ ਪੁਰਾਣੇ ਤੇ ਟੁੱਟੇ-ਫੁੱਟੇ ਪੱਤਰਿਆਂ ਨੂੰ ਲੱਭ ਕੇ ਪੜ੍ਹਨਾ ਚਾਹੀਦਾ ਹੈ। ਕਿਸੇ ਫ਼ਾਰਸੀ ਦੇ ਕਵੀ ਨੇ ਕਿਹਾ ਹੈ ਕਿ 'ਜੇ ਤੂੰ ਸੀਨੇ ਦੇ ਦਾਗਾਂ ਨੂੰ ਤਾਜ਼ੇ ਰੱਖਣਾ ਚਾਹੁੰਦਾ ਹੈਂ, ਤਾਂ ਪਾਟੇ ਹੋਏ ਵਰਕਿਆਂ ਨੂੰ ਕਦੀ ਫਿਰ ਪੜ੍ਹੀਂ, ਜਿਸ ਤਰ੍ਹਾਂ ਲੈਕਚਰਾਰ ਨੂੰ ਹਰ ਉਸ ਇਲਾਕੇ ਦੀ ਰਾਹੋ-ਰਸਮ, ਚਾਲ-ਢਾਲ ਸਭਿਆਤਾ ਤੇ ਸਨੌਤਾਂ ਨੂੰ ਭੀ ਸਮਝਣਾ ਚਾਹੀਦਾ ਹੈ, ਜਿਸ ਵਿਚ ਜਾਣ ਦਾ ਉਸ ਨੂੰ ਸਮਾਂ ਮਿਲੇ। ਸੱਚੀ ਗੱਲ ਤਾਂ ਇਹ ਹੈ ਕਿ ਇਕ ਲੈਕਚਰਾਰ ਦੇ ਸਾਹਮਣੇ ਸਾਰੀ ਕੁਦਰਤ ਇਕ ਕਿਤਾਬ ਦੇ ਵਾਂਗ ਖੁਲ੍ਹੀ ਪਈ ਹੈ, ਜਿਸ ਨੂੰ ਪੜ੍ਹਨਾ ਸਮਝਣਾ ਤੇ ਫਿਰ ਜਨਤਾ ਦੇ ਸਾਹਮਣੇ ਰੱਖਣਾ ਉਸ ਦਾ ਕਰਤੱਵ ਹੈ।

੧. ਤਾਜਾ ਖਾਹੀ ਦਾਸਤਾਨ ਗਰ ਦਾਗ ਹਾਏ ਸੀਨਾ ਰਾ।
ਗਾਹੇ ਗਾਹੇ ਬਾਜ਼ ਖਾ ਈਂ ਵਰਕਾਏ ਪਾਰੀਨਾ ਰਾ।

ਖ਼ਾਸ ਮਜ਼ਮੂਨ

ਲੈਕਚਰ ਦੇਣ ਸਮੇਂ ਬੁਲਾਰੇ ਨੂੰ ਉਸ ਵੱਲ ਵਿਸ਼ੇਸ਼ ਮਜ਼ਮੂਨ ਨੂੰ ਖ਼ਾਸ ਕਰ ਕੇ ਪੜ੍ਹਨਾ ਚਾਹੀਦਾ ਹੈ, ਜਿਸ ਨੂੰ ਕਿ ਉਸ ਨੇ ਜਨਤਾ ਦੇ ਸਾਹਮਣੇ ਬੋਲਣਾ ਹੈ ਕਿਉਂ ਜੋ ਉਹ ਹੁਣ ਖ਼ਿਆਲਾਂ ਦੀ ਖ਼ਾਸ ਕਿਸਮ ਦੀ ਮਾਲਾ ਤਿਆਰ ਕਰਨ ਵਾਲਾ ਹੈ, ਜਿਸ ਸਬੰਧੀ ਉਸ ਨੂੰ ਵਿਸ਼ੇਸ਼ ਕਿਸਮ ਦੇ ਫੁੱਲਾਂ ਦੀ ਲੋੜ ਹੈ, ਉਸ ਨੂੰ ਆਪਣੀ ਆਮ ਵਾਕਫੀਅਤ ਵਿੱਚੋਂ ਖ਼ਾਸ ਕਿਸਮ ਦੇ ਖ਼ਿਆਲ ਇਕੱਠੇ ਕਰਨ ਲਈ ਉਚੇਰਾ ਮੁਤਾਲਿਆ ਕਰਨਾ ਚਾਹੀਦਾ ਹੈ।

ਤਰਤੀਬ

ਪੜ੍ਹਨ ਦੇ ਬਾਅਦ ਉਨ੍ਹਾਂ ਖ਼ਿਆਲਾਂ ਨੂੰ ਤਰਤੀਬ ਦੇਣੀ ਜ਼ਰੂਰੀ ਹੈ। ਜਿਸ ਤਰ੍ਹਾਂ ਕੋਈ ਭੀ ਸੁੰਦਰ ਮਕਾਨ ਦੀ ਇੱਟਾਂ ਤੇ ਮਸਾਲੇ ਨੂੰ ਤਰਤੀਬ ਦਿੱਤੇ ਬਗੈਰ ਨਹੀਂ ਉਸਾਰਿਆ ਜਾ ਸਕਦਾ, ਉਸੇ ਤਰ੍ਹਾਂ ਹੀ ਪੜ੍ਹਨ ਦੇ ਬਾਅਦ ਖ਼ਿਆਲਾਂ ਨੂੰ ਤਰਤੀਬ ਦਿੱਤੇ ਬਗੈਰ ਚੰਗੀ ਤਕਰੀਰ ਨਹੀਂ ਕੀਤੀ ਜਾ ਸਕਦੀ। ਜਿਸ ਤਰ੍ਹਾਂ ਪੋਲੀਅਨ ਨੇ ਲੜਾਈ ਦੇ ਹੁਨਰ ਬਾਰੇ ਕਿਹਾ ਸੀ, "ਇਕ ਇਕ ਐਸਾ ਵਿਗਿਆਨ ਹੈ, ਜਿਸ ਦੇ ਵਿਚ ਕੋਈ ਭੀ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ, ਜੇ ਉਸ ਨੂੰ ਪਹਿਲਾਂ ਸੋਚ ਕੇ ਚੰਗੀ ਤਰ੍ਹਾਂ ਤਰਤੀਬ ਨਾ ਦੇ ਲਵੇ।" ਬਿਨਾਂ ਤਰਤੀਬ ਤੋਂ ਉਗੜ-ਦੁਗੜ ਗਿਆਨ ਬੋਲਣ ਵਾਲੇ ਲਈ ਇਕ ਗੋਰਖ ਧੰਦਾ ਹੈ, ਜਿਸ ਵਿਚ ਉਹ ਭਟਕਿਆ ਫਿਰੇਗਾ।

ਹਾਰਬਰਟ ਸਪੈਂਸਰ ਦਾ ਕਹਿਣਾ ਹੈ "ਜੇ ਮਨੁੱਖ ਦਾ ਗਿਆਨ ਤਰਤੀਬ ਵਿਚ ਨਾ ਹੋਵੇ, ਤਾਂ ਜਿਤਨਾ ਉਹ ਜ਼ਿਆਦਾ ਹੋਵੇਗਾ, ਉਤਨਾ ਹੀ ਉਸ ਮਨੁੱਖ ਦੇ ਖ਼ਿਆਲ ਉਸ ਨੂੰ ਭਟਕਾਂਦੇ ਫਿਰਨਗੇ!" ਖਵਾਜਾ ਮੁਈਉਦ ਦੀ ਅਜਮੇਰੀ ਦਾ ਕੌਲ ਹੈ, "ਇਹ ਜ਼ਰੂਰੀ ਨਹੀਂ ਕਿ ਹਰ ਆਲਮ ਆਰਫ਼ ਹੋਵੇ, ਹਾਂ ਹਰ ਆਰਫ਼ ਆਲਮ ਜ਼ਰੂਰ ਹੁੰਦਾ ਹੈ।" ਬਿਲਕੁਲ

ਇਸੇ ਤਰ੍ਹਾਂ ਇਹ ਲਾਜ਼ਮੀ ਨਹੀਂ ਕਿ ਹਰ ਆਲਮ ਲੈਕਚਰਾਰ ਹੋਵੇ ਪਰ ਹਰ ਲੈਕਚਰਾਰ ਆਲਮ ਜ਼ਰੂਰ ਹੋਵੇਗਾ। ਅਜਿਹਾ ਕਿਉਂ ਹੈ ? ਸਿਰਫ਼ ਇਸ ਵਾਸਤੇ ਕਿ ਜਿਸ ਆਲਮ ਨੂੰ ਕਿਸੇ ਖ਼ਾਸ ਮਜ਼ਮੂਨ ਤੇ ਆਪਣੀ ਵਾਕਫੀਅਤ ਨੂੰ ਤਰਤੀਬ ਦੇਣੀ ਆ ਗਈ, ਉਹ ਸਟੇਜ 'ਤੇ ਬੋਲ ਸਕਿਆ ਤੇ ਦੂਜਾ ਖ਼ਿਆਲਾਂ ਦੇ ਗੋਰਖ ਧੰਦੇ ਵਿਚ ਹੀ ਉਲਝ ਕੇ ਰਹਿ ਗਿਆ। ਕਈ ਵੇਰਾਂ ਵੇਖਣ ਵਿਚ ਆਉਂਦਾ ਹੈ, ਕਿ ਕੋਈ ਬੜਾ ਵਿਦਵਾਨ ਸਟੇਜ ਉੱਤੇ ਆ ਤਾਂ ਜਾਂਦਾ ਹੈ, ਪਰ ਕੁਝ ਕਹਿ ਤਾਂ ਨਹੀਂ ਸਕਦਾ। ਉਹਦੇ ਬੁਲ੍ਹ ਤਾਂ ਫਟਕਦੇ ਹਨ ਪਰ ਬੋਲ ਨਹੀਂ ਸਕਦਾ। ਅਜਿਹਾ ਕਿਉਂ ਹੋਇਆ ? ਉਹ ਤਾਂ ਇਕ ਵਿਦਿਵਾਨ ਆਦਮੀ ਸੀ! ਉਹ ਤਾਂ ਨਿਸਚੇ ਨਾਲ ਉਨ੍ਹਾਂ ਲੋਕਾਂ ਨਾਲੋਂ ਜੋ ਉਸ ਤੋਂ ਪਹਿਲਾਂ ਪਿੱਛੇ ਸਫਲਤਾ ਨਾਲ ਗਏ, ਜ਼ਿਆਦਾ ਚੰਗੀ ਤਰ੍ਹਾਂ ਮਜ਼ਮੂਨ ਪੜ੍ਹਿਆ ਹੋਇਆ ਸੀ। ਫਿਰ ਉਹ ਅਸਫਲ ਕਿਉਂ ਰਿਹਾ ? ਸਿਰਫ਼ ਇਸ ਕਰ ਕੇ ਕਿ ਉਸ ਨੇ ਆਪਣੇ ਖ਼ਿਆਲਾਂ ਨੂੰ ਤਰਤੀਬ ਨਹੀਂ ਸੀ ਦਿੱਤੀ ਹੋਈ। ਉਸ ਨੇ ਆਪਣੀ ਵਾਕਫੀਅਤ ਦੇ ਫੁੱਲਾਂ ਨਾਲ ਭਰੇ ਹੋਏ ਹੱਟ ਵਿੱਚੋਂ ਵਿਸ਼ੇਸ਼ ਹਾਰ ਪਰੋਣ ਲਈ ਫੁੱਲ ਚੁਣ ਕੇ ਵੱਖ ਨਹੀਂ ਸਨ ਕੀਤੇ ਹੋਏ। ਉਸ ਨੇ ਆਪਣੀ ਤਕਰੀਰ ਦਾ ਮਸਾਲਾ ਨਾ ਛਾਂਟਿਆ ਹੋਇਆ ਸੀ ਤੇ ਨਾ ਉਸ ਨੂੰ ਤਰਤੀਬ ਦਿੱਤੀ ਹੋਈ ਸੀ। ਉਹ ਆਪਣੀ ਵਿੱਦਿਆ ਦੇ ਬਲ ਆਸਰੇ ਸਟੇਜ 'ਤੇ ਤਾਂ ਆ ਖਲੋਤਾ, ਉਹ ਬੋਲਣ ਦਾ ਹੀਆ ਤਾਂ ਕਰ ਬੈਠਾ, ਪਰ ਹੁਣ ਬੋਲੇ ਕੀ! ਇਸ ਗੱਲ ਦਾ ਫ਼ੈਸਲਾ ਨਾ ਕਰ ਸਕਿਆ। ਉਹ ਇਕ ਨਾਵਾਕਿਫ਼ ਮੁਸਾਫ਼ਰ ਵਾਂਗ ਚੌਰਸਤੇ 'ਤੇ ਖਲੋਤਾ ਇਸ ਵਹਿਣ ਵਿਚ ਵਹਿ ਰਿਹਾ ਸੀ ਕਿਹੜੇ ਰਾਹ ਪਵੇ ਤੇ ਕਿਹੜੇ ਨਾ। ਉਸ ਦੇ ਦਿਲ-ਦਿਮਾਗ਼ ਵਿਚ ਖ਼ਿਆਲਾਂ ਦਾ ਤੂਫ਼ਾਨ ਉੱਠ ਰਿਹਾ ਸੀ, ਪਰ ਕਿਸੇ ਰੇਲਵੇ ਫਾਟਕ ਥਾਣੀ ਲੰਘਣ ਲੱਗਿਆਂ, ਅਨਪੜ੍ਹ ਮੁਸਾਫ਼ਰਾਂ ਦੀ ਇਕ ਦੂਜੇ ਨਾਲ ਫਸੀ ਹੋਈ ਭੀੜ ਵਾਂਗ, ਜਿਸ ਵਿੱਚੋਂ ਕੋਈ ਭੀ ਬਾਹਰ ਨਹੀਂ ਨਿਕਲ ਸਕਦਾ, ਖ਼ਿਆਲਾਂ ਦਾ ਹੜ੍ਹ ਉਸ ਦੇ ਦਿਮਾਗ਼ ਵਿਚ ਤਾਂ ਚੜ੍ਹਿਆ ਹੋਇਆ ਸੀ, ਪਰ ਬਲ ਬਣ ਕੇ ਕੋਈ ਭੀ ਖ਼ਿਆਲ ਉਸ ਦੇ ਮੂੰਹੋਂ ਬਾਹਰ ਨਾ ਨਿਕਲ ਸਕਿਆ। ਜੇ ਕਦੀ ਉਹ

ਆਪਣੇ ਖ਼ਿਆਲਾਂ ਨੂੰ ਖ਼ਾਸ ਮਜ਼ਮੂਨ ਮੁਤੱਲਕ ਅੱਡ ਕਰ ਕੇ ਤਰਤੀਬ ਦੇ ਲੈਂਦਾ, ਤਾਂ ਉਸ ਨੂੰ ਕਦੀ ਭੀ ਇਹ ਤਕਲੀਫ ਨਾ ਆਉਂਦੀ।

ਸੋਧ

ਵਕਤਾ ਲਈ ਇਹ ਜ਼ਰੂਰੀ ਹੈ ਕਿ ਜਿਸ ਮਜ਼ਮੂਨ ਦੇ ਮੁਤੱਲਕ ਉਸਨੇ ਬੋਲਣਾ ਹੈ, ਉਸ ਦੇ ਮੁਤੱਲਕ ਜੋ ਭੀ ਵਾਕਿਆਤ ਜਾਂ ਦਲੀਲਾਂ ਲੋਕਾਂ ਦੇ ਸਾਹਮਣੇ ਰੱਖਣੀਆਂ ਹਨ, ਉਨ੍ਹਾਂ ਨੂੰ ਪਹਿਲਾਂ ਸੋਧ ਲਵੇ। ਬਹੁਤ ਵੇਰ ਲੈਕਚਰ ਕਿਸੇ ਦੂਜੇ ਕੋਲੋਂ ਸੁਣੀ ਹੋਈ ਗੱਲ ਨੂੰ ਬਿਨਾਂ ਸੋਧਿਆਂ ਆਪਣੇ ਲੈਕਚਰ ਵਿਚ ਕਹਿ ਦਿੰਦੇ ਹਨ, ਜਿਸ ਦੇ ਗ਼ਲਤ ਨਿਕਲਣ 'ਤੇ ਪਛਤਾਉਣਾ ਪੈਂਦਾ ਹੈ। ਖ਼ਾਸ ਕਰ ਕੇ ਇਤਿਹਾਸਕ ਵਾਕਿਆਤ ਨੂੰ ਬਿਆਨ ਕਰਨ ਲੱਗਿਆਂ ਤਾਂ ਸੋਧ ਬਹੁਤ ਜ਼ਰੂਰੀ ਹੈ। ਇਤਿਹਾਸਕ ਗੱਲਾਂ ਦੇ ਮੁਤੱਲਕ ਵਿਗਿਆਨ ਖੋਜ ਨੂੰ ਹੀ ਮੁੱਖ ਰੱਖਣਾ ਚਾਹੀਦਾ ਹੈ।

ਕਿਸੇ ਇਤਿਹਾਸਕ ਪਹਿਲੂ ਨੂੰ ਬਿਆਨ ਕਰਨ ਸਮੇਂ ਆਪ ਉਸ ਨੂੰ ਪੜ੍ਹ ਕੇ ਜਾਣਾ ਚਾਹੀਦਾ ਹੈ। ਇਹ ਜਾਣ ਲੈਣਾ ਚਾਹੀਦਾ ਹੈ ਕਿ ਕੋਈ ਭੀ ਵਾਕਿਆ ਕਿਸੇ ਬੁਲਾਰੇ ਦੇ ਮੂੰਹੋਂ ਹੂ-ਬ-ਹੂ ਉਸ ਤਰ੍ਹਾਂ ਨਹੀਂ ਨਿਕਲ ਸਕਦਾ, ਜਿਸ ਤਰ੍ਹਾਂ ਕਿ ਇਤਿਹਾਸ ਵਿਚ ਲਿਖਿਆ ਹੋਇਆ ਹੋਵੇ। ਬੋਲਣ ਵਾਲਾ ਹਮੇਸ਼ਾਂ ਆਪਣੇ ਖ਼ਿਆਲਾਂ ਦੀ ਰੰਗਤ ਦੇ ਕੇ ਉਸ ਨੂੰ ਬਿਆਨ ਕਰ ਕੇ, ਇਸੇ ਤਰ੍ਹਾਂ ਹੀ ਕਿਸੇ ਰਾਜਨੀਤਕ ਸਭਾ, ਸਮਾਜ ਇਕੱਠ ਯਾ ਮਜ਼ਹਬੀ ਸਮਾਗਮ ਵਿਚ ਕਿਸੇ ਵਾਕੇ 'ਤੇ ਬਹਿਸ ਕਰਨ, ਜਾ ਕਿਸੇ ਦੀ ਗ਼ਲਤ ਗੱਲ 'ਤੇ ਨੁਕਤਾਚੀਨੀ ਕਰਨ ਲੱਗਿਆਂ ਉਸ ਵਾਕੇ ਨੂੰ ਸੋਧ ਲੈਣਾ ਬੜਾ ਜ਼ਰੂਰੀ ਹੈ।

ਬਹੁਤ ਵੇਰ ਜਨਤਾ ਵਿਚ ਕੰਮ ਕਰਨ ਵਾਲੇ ਕਿਸੇ ਸਰਕਾਰੀ ਕਰਮਚਾਰੀ, ਖ਼ਾਸ ਤੌਰ 'ਤੇ ਪੁਲਿਸ ਵਾਲਿਆਂ ਦੇ ਕਿਸੇ ਥਾ ਕੀਤੇ ਗਏ ਧੱਕੇ ਦਾ ਜ਼ਿਕਰ ਕਰਨ ਲੱਗਿਆਂ, ਹੋਣੀ ਦੀ ਪੂਰੀ ਛਾਣ-ਬੀਣ ਕਰਨ

ਤੋਂ ਬਿਨਾਂ ਹੀ ਪੁਰ-ਜੋਸ਼ ਤਕਰੀਰ ਕਰ ਦੇਂਦੇ ਹਨ, ਜਿਸ 'ਤੇ ਅਸਲੀਅਤ ਪ੍ਰਗਟ ਹੋਣ ਸਮੇਂ ਪਛਤਾਉਣਾ ਪੈਂਦਾ ਹੈ। ਮਜ਼ਹਬੀ ਪ੍ਰਚਾਰਕਾਂ ਨੂੰ ਤਾਂ ਇਸ ਦੇ ਮੁਤੱਲਕ ਹੋਰ ਵੀ ਸੁਚੇਤ ਹੋਣਾ ਚਾਹੀਦਾ, ਕਿਉਂ ਜੋ ਉਨ੍ਹਾਂ ਦੇ ਸਰੋਤੇ ਬਾਹਲੇ ਜਜ਼ਬਾਤੀ ਹੁੰਦੇ ਹਨ ਤੇ ਜੇ ਉਹ ਭੜਕ ਉਠਣ ਤਾਂ ਉਨ੍ਹਾਂ ਨੂੰ ਠਾਰਨਾ ਬੜਾ ਔਖਾ ਹੁੰਦਾ ਹੈ। ਮਜ਼ਹਬੀ ਪ੍ਰਚਾਰਕਾਂ ਵਿਚ ਖ਼ਾਸ ਤੌਰ 'ਤੇ ਸਾਡੇ ਦੇਸ਼ ਵਿਚ ਇਕ ਭਾਰਾ ਘਾਟਾ ਹੈ ਕਿ ਉਹ ਗਵਾਂਢੀ ਮਜ਼ਹਬਾਂ ਦੇ ਨਿਸਚਿਆਂ ਤੇ ਇਤਿਹਾਸਕ ਵਰਤਾਰਿਆਂ ਤੇ ਬਿਨਾਂ ਸੋਧ ਕੀਤਿਆਂ ਕੋਝੀ ਨੁਕਤਾਚੀਨੀ ਸ਼ੁਰੂ ਕਰ ਦੇਂਦੇ ਹਨ। ਅਜਿਹੇ ਪ੍ਰਚਾਰਕਾਂ ਨੇ ਜਿਨ੍ਹਾਂ ਨੂੰ ਆਪਣੇ ਮਜ਼ਹਬ ਦੀ ਭੀ ਪੂਰੀ-ਪੂਰੀ ਵਾਕਫੀ ਨਹੀਂ ਹੁੰਦੀ, ਦੂਜਿਆਂ ਸਬੰਧੀ ਤਾਂ ਕੀ ਜਾਣਨਾ ਹੋਇਆ। ਸੁਣੀਆਂ ਸੁਣਾਈਆਂ ਗੱਲਾਂ ਦੇ ਅਧਾਰ 'ਤੇ ਹੀ ਧੜਲੇਦਾਰ ਤਕਰੀਰਾਂ ਦੂਸਰਿਆਂ ਦੇ ਵਿਰੁੱਧ ਕਰ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਨਤੀਜਾ ਦੇਸ਼ ਵਿਚ ਫਿਰਕੂ ਫ਼ਸਾਦ ਤੇ ਬੇਚੈਨੀ ਨਿਕਲਦਾ ਹੈ। ਸੋਧ ਹਰ ਹਾਲਤ ਵਿਚ ਵਕਤਾ ਲਈ ਜ਼ਰੂਰੀ ਹੈ।

ਨੋਟ

ਮਜ਼ਮੂਨ ਨੂੰ ਪੜ੍ਹਨ, ਤਰਤੀਬ ਦੇਣ ਤੇ ਸੋਧਣ ਦੇ ਬਾਅਦ ਨੋਟ ਲਿਖ ਲੈਣੇ ਜ਼ਰੂਰੀ ਹਨ। ਭਾਵੇਂ ਚਿਰ-ਅਭਿਆਸੀ ਬੋਲਣ ਵਾਲਿਆਂ ਨੂੰ ਇਸ ਗੱਲ ਦੀ ਖ਼ਾਸ ਲੋੜ ਨਹੀਂ ਪੈਂਦੀ, ਪਰ ਆਮ ਬੁਲਾਰਿਆਂ ਤੇ ਆਰੰਭ ਕਰਨ ਵਾਲਿਆਂ ਲਈ ਤਾਂ ਇਹ ਬਹੁਤ ਜ਼ਰੂਰੀ ਹਨ। ਕਹਿੰਦੇ ਹਨ ਕਿ 'ਲਿਕੰਨ ਭਾਵੇਂ ਉਹ ਵਡ ਸੁਭਾਵਕ ਬੋਲਣ ਵਾਲਾ ਵਕਤਾ ਸੀ, ਪਰ ਉਹ ਕਦੇ ਭੀ ਪਹਿਲਾਂ ਨੋਟ ਲਿਖਣ ਤੋਂ ਬਿਨਾਂ ਸਭਾ ਦੇ ਸਾਹਮਣੇ ਤਕਰੀਰ ਨਹੀਂ ਸੀ ਕਰਦਾ। ਨੋਟ ਲਿਖਣ ਨਾਲ ਵਾਕਿਆਤ ਤੇ ਦਲੀਲਾਂ ਜ਼ੇਹਨ ਵਿਚ ਬਹਿ ਜਾਂਦੀਆਂ ਹਨ। ਜਿਨ੍ਹਾਂ ਬੋਲਣ ਵਾਲਿਆਂ ਦੀ ਤਬੀਅਤ ਵੇਲੇ ਸਿਰ ਹਾਜ਼ਰ ਨਾ ਹੋ ਸਕੇ ਤੇ ਯਾਦ ਸ਼ਕਤੀ ਸਾਥ ਨਾ ਦੇਵੇ, ਲਿਖੇ

ਹੋਏ ਨੋਟ ਉਨ੍ਹਾਂ ਲਈ ਅੰਨ੍ਹੇ ਦੇ ਹੱਥ ਫੜੀ ਹੋਈ ਲਾਠੀ ਵਾਂਗ ਸਹਾਰਾ ਹਨ। ਨੋਟ ਜੋ ਲਿਖਣ ਨਾਲੋਂ ਕਿਸੇ ਦੂਸਰੇ ਨੂੰ ਲਿਖਾਏ ਜਾਣ ਤਾਂ ਹੋਰ ਭੀ ਚੰਗਾ ਹੈ।

ਪਰੌਂਣਾ

ਕਈ ਬੋਲਣ ਵਾਲੇ ਤਕਰੀਰ ਦੇ ਲਿਖੇ ਹੋਏ ਨੋਟ ਯਾ ਜਬਾਨੀ ਘੋਟ ਲੈਂਦੇ ਤੇ ਯਾ ਬੋਲਣ ਸਮੇਂ ਹੂ-ਬ-ਹੂ ਨਾਲ ਲੈ ਜਾਂਦੇ ਹਨ। ਇਹ ਦੋਵੇਂ ਤਰੀਕੇ ਚੰਗੇ ਵਕਤਾਂ ਨੂੰ ਨਹੀਂ ਸੋਭਦੇ। ਘੋਟਿਆ ਹੋਇਆ ਮਜ਼ਮੂਨ ਤਾਂ ਬਹੁਤ ਵਾਰਾਂ ਸਟੇਜ 'ਤੇ ਭਾਰੀ ਧੋਖਾ ਦੇਂਦਾ ਹੈ, ਜੇ ਕਿਤੇ ਇਕ ਤੁਕ ਯਾ ਸ਼ਬਦ ਭੀ ਉਕ ਜਾਵੇ ਤਾਂ ਬਣੀ ਬਣਾਈ ਖੇਲ ਹੀ ਵਿਗੜ ਜਾਂਦੀ ਹੈ। ਜਿਸ ਤਰ੍ਹਾਂ ਸੂਰਮੇ ਨੂੰ ਰਣ-ਤੱਤੇ ਵਿਚ ਤਲਵਾਰ ਟੁੱਟ ਜਾਣ ਨਾਲ ਹਾਨੀ ਦਾ ਮੂੰਹ ਦੇਖਣਾ ਪੈਂਦਾ ਹੈ। ਉਹ ਹੀ ਹਾਲ ਬਹੁਤ ਵੇਰ ਘੋਟੂ ਬੁਲਾਰਿਆਂ ਦਾ ਬਣਦਾ ਹੈ। ਬੋਲਦਿਆਂ-ਬੋਲਦਿਆਂ ਜੇ ਕਦੀ ਇਕ ਫਿਕਰਾ ਭੀ ਉੱਕ ਗਿਆ ਤਾਂ ਉਨ੍ਹਾਂ ਦਾ ਸਾਰਾ ਹੀ ਖੇਲ ਵਿਗੜ ਗਿਆ ਸਮਝੋ। ਨੋਟਾਂ ਨੂੰ ਕੰਠ ਕਰ ਕੇ ਬੋਲਣ ਵਾਲਾ ਖ਼ਿਆਲ ਵੱਲ ਧਿਆਨ ਨਹੀਂ ਦੇ ਸਕਦਾ, ਉਹ ਤਾਂ ਸਾਰੀ ਸੁਰਤ ਜੋੜ ਕੇ ਹੀ ਅੱਖਰਾਂ ਨੂੰ ਦੁਹਰਾ ਰਿਹਾ ਹੁੰਦਾ ਹੈ। ਜਿਸ ਕਰ ਕੇ ਉਸ ਦੀ ਤਕਰੀਰ ਬੇ-ਅਸਰ ਰਹਿ ਜਾਂਦੀ ਹੈ। ਇਸ ਤਰ੍ਹਾਂ ਹੀ ਬਿਨਾਂ ਕੰਠ ਕਰਨ ਤੋਂ ਕਾਗਜ਼ 'ਤੇ ਨੋਟ ਲਿਖ ਲੈ ਜਾਣ ਵਾਲਿਆਂ ਦਾ ਹਾਲ ਹੁੰਦਾ ਹੈ। ਉਹ ਨੋਟਾਂ ਵੱਲ ਵਾਰ-ਵਾਰ ਧਿਆਨ ਮਾਰਦੇ ਹਨ। ਇਸ ਤਰ੍ਹਾਂ ਉਨ੍ਹਾਂ ਦਾ ਧਿਆਨ ਘੜੀ-ਮੁੜੀ ਲੋਕਾਂ ਵੱਲੋਂ ਟੁੱਟ ਜਾਂਦਾ ਹੈ। ਤਕਰੀਰ ਦੀ ਤਾਰ ਕਾਇਮ ਨਾ ਰਹਿਣ ਕਰ ਕੇ ਵਖਿਆਨ ਦਾ ਪ੍ਰਭਾਵ ਅੱਧਾ ਭੀ ਨਹੀਂ ਰਹਿ ਜਾਂਦਾ। ਅਜਿਹੇ ਬੁਲਾਰੇ ਆਪਣੇ ਵੱਲੋਂ ਤਾਂ ਤਕਰੀਰ ਕਰ ਜਾਂਦੇ ਹਨ, ਪਰ ਉਸ ਦੀ ਤਾਸੀਰ ਬਹੁਤ ਘੱਟ ਹੁੰਦੀ ਹੈ। ਉਹ ਜਨਤਾ ਦੀ ਨਿਗਾਹ ਵਿਚ ਜਚਦੇ ਨਹੀਂ, ਉਨ੍ਹਾਂ ਦੀ ਲਿਆਕਤ ਦਾ ਪ੍ਰਭਾਵ ਨਹੀਂ ਪੈਂਦਾ। ਹਰ ਚੰਗੇ ਬੋਲਣ ਵਾਲੇ ਨੂੰ ਆਪਣੀ ਤਕਰੀਰ

ਦੇ ਚਾਰ ਪਹਿਲੂਆਂ ਵੱਲ ਖ਼ਿਆਲ ਦੇਣਾ ਚਾਹੀਦਾ ਹੈ। ਉਹ ਤਿਆਰੀ ਕੀ ਕਰ ਕੇ ਗਿਆ ਸੀ, ਉਸ ਨੇ ਕੀ ਬੋਲਿਆ, ਕੀ ਕੁਝ ਬੋਲਣ ਖੁਣੋਂ ਰਹਿ ਗਿਆ ਤੇ ਸਰੋਤਿਆਂ ਨੇ ਉਸ ਦੀ ਤਕਰੀਰ ਤੋਂ ਕੀ ਪ੍ਰਭਾਵ ਲਿਆ ?

ਜੇ ਘੋਟੂ ਯਾ ਲਿਖਤੀ ਨੋਟਾਂ ਦੇ ਆਸਰੇ ਤਕਰੀਰ ਕਰਨ ਵਾਲਾ ਬੁਲਾਰਾ, ਆਪਣੇ ਵਿਖਿਆਨ ਦੇ ਇਨ੍ਹਾਂ ਅੰਗਾਂ 'ਤੇ ਵਿਚਾਰ ਕਰੇਗਾ, ਤਾਂ ਉਸ ਨੂੰ ਨਿਸਚੇ ਜਵਾਬ ਮਿਲੇਗਾ ਕਿ ਉਹ ਜੋ ਕੁਝ ਤਿਆਰ ਕਰ ਕੇ ਲੈ ਗਿਆ ਸੀ, ਸਾਰਾ ਨਾ ਬੋਲ ਸਕਿਆ, ਬਹੁਤ ਸਾਰਾ ਬਿਨਾਂ ਬੋਲਿਅਰ ਰਹਿ ਗਿਆ ਤੇ ਜਨਤਾ 'ਤੇ ਭੀ ਜੋ ਪ੍ਰਭਾਵ ਪੈਣਾ ਚਾਹੀਦਾ ਸੀ ਨਾ ਪਿਆ। ਇਸ ਲਈ ਸਫਲ ਵਕਤਾ ਨੂੰ ਚਾਹੀਦਾ ਹੈ ਕਿ ਉਹ ਲਿਖੇ ਹੋਏ ਨੋਟਾਂ ਨੂੰ ਬੋਲਣ ਦੇ ਸਮੇਂ ਤੋਂ ਪਹਿਲਾਂ ਜਿਤਨੀ ਵੇਰ ਹੋ ਸਕੇ ਦੁਹਰਾ ਲਵੇ। ਉਨ੍ਹਾਂ ਨੂੰ ਆਪਣੇ ਦਿਮਾਗ ਵਿਚ ਪਚਾ ਜਾਵੇ, ਬੋਲਣ ਸਮੇਂ ਉਨ੍ਹਾਂ ਦੇ ਅਧਾਰ 'ਤੇ ਆਪਣੀ ਯਾਦਦਾਸ਼ਤ ਵਿੱਚੋਂ ਜਿਤਨੇ ਹੋ ਸਕਣ ਖ਼ਿਆਲ ਤਿਆਰ ਕਰੇ ਤੇ ਆਪਣੇ ਸ਼ਬਦਾਂ ਵਿਚ ਬੋਲੇ, ਤਾਂ ਹੀ ਉਹ ਆਪਣੀ ਤਕਰੀਰ ਦਾ ਪੂਰਾ ਅਸਰ ਪਾ ਸਕਦਾ ਹੈ, ਲਿਖੇ ਹੋਏ ਨੋਟ ਵਾਹ ਲੱਗਦੀ ਵਕਤਾ ਨੂੰ ਆਪਣੇ ਕੋਲ ਰੱਖਣੇ ਹੀ ਨਹੀਂ ਚਾਹੀਦੇ ਤੇ ਜੇ ਬਹੁਤ ਹੀ ਚੇਤੇ ਦਾ ਹੌਲਾ ਹੋਵੇ ਤੇ ਬਨ-ਆਸਰੇ ਸਰ ਨਾ ਸਕੇ, ਤਾਂ ਉਨ੍ਹਾਂ ਨੂੰ ਬਹੁਤ ਸੰਖੇਪ ਕਰ ਕੇ ਕਿਸੇ ਕਾਗਜ਼ 'ਤੇ ਮੋਟੇ-ਮੋਟੇ ਲਿਖ ਲਵੇ। ਤਾਂ ਜੋ ਧਿਆਨ ਲਾ ਕੇ ਪੜ੍ਹਨੇ ਨਾ ਪੈਣ, ਸਾਧਾਰਨ ਨਿਗਾਹ ਮਾਰਨ ਨਾਲ ਹੀ ਉਨ੍ਹਾਂ ਦੀ ਵਾਕਫੀਅਤ ਸਾਹਮਣੇ ਆ ਜਾਵੇ।

ਨਿਯਮ

ਤਕਰੀਰ ਇਕ ਅਜਿਹਾ ਹੁਨਰ ਹੈ, ਜਿਸ ਦੀ ਥਾਹ ਲੈਣੀ ਸਮੁੰਦਰ ਦੀ ਗਹਿਰਾਈ ਮਾਪਣ ਵਾਂਗ ਬਹੁਤ ਮੁਸ਼ਕਲ ਹੈ। ਇਸ ਦੀ ਕਾਮਯਾਬੀ ਦਾ ਬੜਾ ਹਿੱਸਾ ਬੋਲਣ ਵਾਲੇ ਦੀ ਬੋਲਣ ਸਮੇਂ ਸਰੋਤਿਆਂ ਨੂੰ ਜਾਚ ਕੇ

ਕੰਮ ਕਰਨ ਦੀ ਸ਼ਕਤੀ ਨਾਲ ਸਬੰਧ ਰੱਖਦਾ ਹੈ। ਇਸ ਲਈ ਇਸ ਦੇ ਕੁਝ ਖ਼ਾਸ ਨਿਯਮ ਬਝ ਸਕਦੇ ਹਨ ਕਿਉਂ ਜੋ ਉਸ ਦੇ ਲਿਖਣ ਸਮੇਂ ਲਿਖਾਰੀ ਤੋਂ ਬਿਨਾਂ ਦੂਸਰਿਆਂ ਨਾਲ ਕੋਈ ਵੀ ਸਬੰਧ ਨਹੀਂ ਹੁੰਦਾ ਹੈ ਅਤੇ ਕਾਮਯਾਬ ਬੁਲਾਰਾ ਓਹੀ ਹੋ ਸਕੇਗਾ ਜੋ ਵੇਲੇ ਸਿਰ ਸਰੋਤਿਆਂ ਦੀ ਮਾਨਸਿਕ ਅਵਸਥਾ ਜਾਣ ਕੇ ਕੰਮ ਕਰੇ ਪਰ ਫਿਰ ਭੀ ਸ਼ੁਰੂ ਕਰਨ ਵਾਲਿਆਂ ਦੀ ਸਹਾਇਤਾ ਲਈ ਅਸੀਂ ਕੁਝ ਨਿਯਮ ਦੇਂਦੇ ਹਾਂ। ਭਾਵੇਂ ਤਕਰੀਰਾਂ ਦੇ ਮਜ਼ਮੂਨ ਬੇਅੰਤ ਹਨ, ਪਰ ਅਸੀਂ ਉਨ੍ਹਾਂ ਦੇ ਸੱਤ ਵੱਡੇ ਹਿੱਸੇ ਕਰਦੇ ਹਾਂ—

ਉਪਰ ਦਿੱਤਿਆਂ ਨਕਸ਼ਿਆਂ ਅਨੁਸਾਰ ਆਪਣੇ ਭਾਸ਼ਨ ਦੀ ਵੰਡ ਕਰਨ ਵਾਲਾ ਬੁਲਾਰਾ, ਨਿਹਚੇ ਹੀ ਬੋਲਣ ਵਿਚ ਸੌਖ ਰਹੇਗਾ ਪਰ ਇਹਨਾਂ ਵੰਡਾਂ ਤੋਂ ਬਿਨਾਂ ਕੁਛ ਇਕ ਹੋਰ ਗੱਲ ਦਾ ਭੀ ਖ਼ਿਆਲ ਰੱਖਣਾ ਪਵੇਗਾ। ਓੜਕ ਹਰ ਇਕ ਬੋਲਣ ਵਾਲੇ ਨੇ ਕੋਈ ਨਾ ਕੋਈ ਗਲ ਜਨਤਾ ਕੋਲੋਂ ਮੰਨਵਾਣੀ ਹੁੰਦੀ ਹੈ। ਉਹ ਧਰਮ ਦਾ ਪ੍ਰਚਾਰਕ ਹੋਵੇ, ਸਮਾਜਕ ਉਨਤੀ ਦਾ ਚਾਹਵਾਨ ਜਾਂ ਰਾਜਨੀਤਕ ਪਲਟਿਆਂ ਦਾ ਮੁਦਈ ਹਰ ਹਾਲਤ ਵਿਚ ਉਸ ਨੇ ਜਨਤਾ ਨੂੰ ਆਪਣੇ ਮਗਰ ਲਾਉਣਾ ਹੁੰਦਾ ਹੈ। ਇਸ ਲਈ ਉਸ ਨੂੰ ਚਾਹੀਦਾ ਹੈ ਕਿ ਉਹ ਪਹਿਲੇ ਜਨਤਾ ਦੇ ਸਾਹਮਣੇ ਵਾਕਿਆਤ ਰੱਖੇ, ਫਿਰ ਆਪਣੇ ਦਾਅਵੇ ਦੇ ਹੱਕ ਵਿਚ ਦਲੀਲਾਂ ਦੇਵੇ ਤੇ ਜਦ ਸਮਝੇ ਕਿ ਇਕੱਠ ਉਸ ਦੀਆਂ ਦਲੀਲਾਂ ਦੇ ਅਸਰ ਨੂੰ ਕਬੂਲ ਕਰ ਰਿਹਾ ਹੈ ਤਾਂ ਆਪਣੇ ਦਾਹਵੇ ਨੂੰ ਮਨਾਣ ਲਈ ਲੋਕਾਂ ਦੇ ਸਾਹਮਣੇ ਅਪੀਲ ਕਰੇ।

ਆਪਣੇ ਦਾਹਵੇ ਨੂੰ ਸਾਬਤ ਕਰਨ ਲਈ ਉਹ ਨਿਰੇ ਉਸ ਨੂੰ ਮੰਨ ਲੈਣ ਦੇ ਫਾਇਦੇ ਹੀ ਨਾ ਬਿਆਨ ਕਰੇ, ਸਗੋਂ ਇਹ ਦੱਸੇ ਜੇ ਉਸ ਦੀ ਗੱਲ ਨਾ ਮੰਨੀ ਗਈ, ਤਾਂ ਦੇਸ਼ ਜਾਂ ਕੌਮ ਨੂੰ ਕੀ-ਕੀ ਨੁਕਸਾਨ ਹੋਣਗੇ ਇਹ ਭੀ ਜ਼ਿਕਰ ਕਰੇ ਕਿ ਅੱਜ ਤਕ ਉਸ ਦੀ ਗੱਲ ਨਾ ਮੰਨੀ ਜਾਣ ਕਰ ਕੇ ਕੀ-ਕੀ ਨੁਕਸਾਨ ਪੁੱਜ ਚੁੱਕੇ ਹਨ। ਹੁਣ ਉਨ੍ਹਾਂ ਦਾ ਪ੍ਰਾਸਚਿਤ ਕਿਸ ਤਰ੍ਹਾਂ ਹੋ ਸਕਦਾ ਹੈ ਤੇ ਅੱਗੋਂ ਲਈ ਨੁਕਸਾਨਾਂ ਨੂੰ ਰੋਕਣ ਲਈ ਕਿ ਬਾਨਣੂ ਬੰਨ੍ਹਣਾ ਚਾਹੀਦਾ ਹੈ। ਜਦ ਵਾਕਿਆਤ ਦਾ ਜ਼ਿਕਰ ਕਰ,

੧. ਵਿਅਕਤੀ ।
੨. ਅੰਦੋਲਨ ।
੩. ਹੋਣੀ ।
੪. ਅਸਥਾਨ ।
੫. ਰਾਜਨੀਤ ।
੬. ਤਜਾਰਤ ।
੭. ਹੁਨਰ।

ਆਓ ਹੁਣ ਇਕ ਇਕ ਨੂੰ ਲੈ ਲਈਏ ।

੧. ਵਿਅਕਤੀ

- ਜਨਮ ਦੀ ਤਾਰੀਖ
- ਖਾਨਦਾਨ ਤੇ ਮਾਂ ਬਾਪ ਦਾ ਜ਼ਿਕਰ
- ਕਿਸ ਤੋਂ ਸਿੱਖਿਆ ਲਈ
- ਜੀਵਨ ਵਿੱਚ ਕੀ ਵੱਡੇ ਵੱਡੇ ਕੰਮ ਕੀਤੇ
- ਮੌਤ ਕਿਸ ਤਰ੍ਹਾਂ ਹੋਈ
- ਮਰਨ ਤੋਂ ਪਿੱਛੋਂ ਉਸ ਦੇ ਕੰਮਾਂ ਦਾ ਕੀ ਅਸਰ

੨. ਅੰਦੋਲਨ

- ਕਿਸ ਹਾਲਤ ਨੇ ਉਸ ਅੰਦੋਲਨ ਦੇ ਚਲਣ ਦੀ ਲੋੜ ਬਣਾਈ
- ਤਹਿਰੀਕ ਕਿਸ ਨੇ ਸ਼ੁਰੂ ਕੀਤੀ ਤੇ ਕੌਣ ਲੋਕ ਪਹਿਲਾਂ ਰਲੇ
- ਕਿਸ ਕਿਸ ਤਰਫੋਂ ਮੁਖਾਲਫ਼ਤ ਹੋਈ ਉਸ ਦਾ ਅਸਰ ਕੀ ਪਿਆ ?
- ਕੀ ਕੀ ਕੁਰਬਾਨੀਆਂ ਦੇਣੀਆਂ ਪਈਆਂ ਤੇ ਕਿਨ੍ਹਾਂ ਮਸ਼ਹੂਰ ਹਸਤੀਆਂ ਨੇ ਦਿੱਤੀਆਂ ।
- ਸਾਰੀ ਜਦੋ-ਜਹਿਦ ਦਾ ਨਤੀਜਾ ਕੀ ਨਿਕਲਿਆ ? ਅੰਦੋਲਨ ਸਫਲ ਹੋਇਆ ਕੀ
  - ਧਾਰਮਕ ਸਮਾਜਿਕ ਪੁਲੀਟੀਕਲ ਇਹਨਾਂ ਤਿੰਨਾਂ ਵਿੱਚੋਂ ਜੇਹੜੀ ਵਾਪਰੀ ਹੋਵੇ, ਉਸ 'ਤੇ ਬਹਿਸ ਕਰਨੀ, ਜੇ ਲੋੜ ਹੋਵੇ ਤਾਂ ਤਿੰਨਾਂ ਦਾ ਹੀ ਥੋੜ੍ਹਾ-ਥੋੜ੍ਹਾ ਜਿਕਰ ਕਰ ਦੇਣਾ ।
  - ਅਸਫਲ, ਜੇ ਅਸਫਲ ਹੋਇਆ ਤਾਂ ਕਿਉਂ ?

੩. ਵਾਕਿਆਤ

ਕੋਈ ਵਾਕਿਆ ਕਦੋਂ ਹੋਇਆ ਤੇ ਕਿਥੇ ਹੋਇਆ	ਹੋਣ ਦੇ ਕੀ ਕਾਰਨ ਸਨ	ਕਿਨ੍ਹਾਂ-ਕਿਨ੍ਹਾਂ ਹਸਤੀਆਂ ਨੇ ਉਸ ਵਿਚ ਹਿੱਸਾ ਲਿਆ ?	ਉਸ ਦਾ ਕੀ ਅਸਰ ਹੋਇਆ	ਉਸ ਵਾਕਿਆ ਦੀ ਯਾਦ ਤੋਂ ਸਾਨੂੰ ਕੀ ਸਬਕ ਮਿਲਦਾ ਹੈ ?

੪. ਅਸਥਾਨ

ਕਿਸ ਨੇ, ਕਦ ਕਿਥੇ ਤੇ ਕਿਉਂ ਬਣਾਇਆ।	ਉਸ ਦੀ ਬਨਾਵਟ ਕੀ ਸੀ ਤੇ ਖਰਚ ਕੀ ਆਇਆ ਸੀ ਤੇ ਅੱਜ ਉਸ ਦੀ ਕੀ ਕੀਮਤ ਹੋ ਸਕਦੀ ਸੀ	ਅਸਥਾਨ ਕਾਇਮ ਹੈ ਯਾ ਢੈਹ ਗਿਆ ਜੇ ਢੱਠਾ ਹੈ ਤਾਂ ਫਿਰ ਬਣਿਆਂ ਕਿ ਨਹੀਂ	ਜੇ ਢਹਿ ਗਿਆ ਤਾਂ ਕੀ ਉਮਰ ਦੇ ਪੁਰਾਣੇ ਹੋਣ ਕਰ ਕੇ ਢੱਠਾ ਯਾ ਕਿਸੇ ਅੰਦੋਲਨ ਦਾ ਸ਼ਿਕਾਰ ਤੇ ਹੋਇਆ ਤੇ ਕਿਸ ਨੇ ਢਾਹਿਆ	ਜੇ ਫਿਰ ਅੱਜ ਬਣਿਆ ਤਾਂ ਅੱਜ ਉਹ ਕਿਸ ਹਾਲਤ ਵਿਚ ਹੈ, ਉਸ ਨੂੰ ਕਾਇਮ ਰੱਖਣ ਦੇ ਕੀ ਲਾਭ ਹਨ ਤੇ ਕਿਸ ਤਰ੍ਹਾਂ ਕਾਇਮ ਰੱਖਿਆ ਕਿਸ ਨੇ ਬਣਾਇਆ ਯਾ ਮੁਰੰਮਤ ਕੀਤਾ

੫. ਰਾਜਨੀਤਕ

- ਇਹ ਰਾਜਨੀਤ ਕਿਸ ਹਕੂਮਤ ਨੇ ਚਲਾਈ।
- ਇਸ ਦੀ ਕਿਉਂ ਲੋੜ ਪਈ। ਇਸ ਦੇ ਚਲਣ ਵਿਚ ਰਾਜਾ ਦਾ ਲਾਭ ਸੀ ਕਿ ਪਰਜਾ ਦਾ।
- ਇਸ ਦਾ ਰਾਜ ਤੇ ਪਰਜਾ ਤੇ ਕੀ ਅਸਰ ਪਿਆ।
- ਇਸ ਦੇ ਵਿਰੁੱਧ ਕੋਈ ਆਵਾਜ਼ ਉਠੀ ਜੇ ਉਠੀ, ਤਾਂ ਕਿਨ੍ਹਾਂ ਵੱਲੋਂ।
- ਇਸਦੇ ਵਿਰੁੱਧ ਕੀ ਨਤੀਜਾ ਜਦੋ-ਜਹਿਦ ਨਿਕਲਿਆ ਵਿਚ ਕਿਨ੍ਹਾਂ ਕੁਰਬਾਨੀਆਂ ਕੀਤੀਆਂ।

੬. ਤਜਾਰਤ

- ਇਸ ਦੇ ਕਰਨ ਦੀ ਗੁੰਜਾਇਸ਼ ਕਿਸ ਇਲਾਕੇ ਵਿਚ ਹੈ ਤੇ ਕਿਉਂ ਹੈ
- ਮਾਲ ਕਿਥੋਂ ਲਿਆ ਕਿਥੇ ਵੇਚਿਆ ਜਾਂ ਸਕਦਾ ਹੈ।
- ਲਿਆਉਣ ਵਾਲੀ ਥਾਂ 'ਤੇ ਕਿਸ ਭਾ ਵਿਕਦਾ ਹੈ।
- ਉਸ ਥਾਂ ਤੋਂ ਲਿਆਉਣ ਦੇ ਖ਼ਰਚ ਤੇ ਹਾਨ ਮਹਿਸੂਲ ਪਾ ਕੇ ਵੇਚਣ ਵਾਲੀ ਥਾਂ 'ਤੇ ਕੀ ਭਾ ਪੈਂਦਾ ਹੈ।
- ਅੱਜ ਇਸ ਤਜਾਰਤ ਦੇ ਕਰਨ ਨਾਲ ਕੀ ਲਾਭ ਹੋਵੇਗੇ। ਉਨ੍ਹਾਂ ਦੇ ਕੀ ਕਾਰਨ ਖੋਲ੍ਹ ਕੇ ਦਸਣੇ।
- ਕਿਨੇਂ ਘੱਟ ਤੋਂ ਘੱਟ ਸਰਮਾਏ ਨਾਲ ਇਹ ਤਜਾਰਤ ਸ਼ੁਰੂ ਕੀਤੀ ਜਾ ਸਕਦੀ ਹੈ। ਜਿਨ੍ਹਾਂ ਨੇ ਕੀਤੇ ਤੇ ਸਫਲ ਹੋਏ ਉਹਨਾਂ ਦੇ ਪ੍ਰਮਾਣ ਦੇ ਕੇ ਦੱਸੋ।

੨. ਹੁਨਰ

1. ਇਹ ਹੁਨਰ ਜੀਵਨ ਦੀ ਕਿਹੜੀ ਲੋੜ ਨੂੰ ਪੂਰਾ ਕਰਦਾ ਹੈ।
2. ਇਸ ਹੁਨਰ ਨੂੰ ਸਿਖਣ ਲਈ ਯੋਗ ਥਾਂ, ਕਿਤਨਾ ਸਮਾਂ ਤੇ ਕਿਤਨਾ ਧਨ ਚਾਹੀਦਾ ਹੈ।
3. ਇਸ ਹੁਨਰ ਨੂੰ ਸਿਖਣ ਲਈ ਸਿਖਣ ਵਾਲੇ ਵਿਚ ਕੀ ਕੀ ਸਰੀਰਕ ਦਿਮਾਗੀ ਤੇ ਸਦਾਚਾਰਕ ਗੁਣ ਚਾਹੀਦੇ ਹਨ।
4. ਇਸ ਹੁਨਰ ਦੇ ਵੱਡੇ-ਵੱਡੇ ਮਾਹਿਰਾਂ ਦੇ ਨਾਮ ਤੇ ਥਾਂ ਠਿਕਾਣੇ ਦਸਣੇ
5. ਜੇ ਹੋ ਸਕੇ ਤਾਂ ਇਨ੍ਹਾਂ ਮਸ਼ਹੂਰ ਵਿਅਕਤੀਆਂ ਦੇ ਨਮੂਨੇ ਜਨਤਾ ਦੇ ਸਾਹਮਣੇ ਰਖਣੇ
6. ਇਸ ਹੁਨਰ ਦਾ ਜਨਤਾ 'ਤੇ ਕੀ ਅਸਰ ਪੈ ਰਿਹਾ ਹੈ ਤੇ ਉਸ ਦੇ ਕੀ ਕਾਰਨ ਹਨ
7. ਇਹ ਹੁਨਰ ਕਿਸ ਦੇਸ਼ ਵਿਚ ਤਰੱਕੀ 'ਤੇ ਹੈ ਅਤੇ ਕਿਥੇ ਘਾਟੇ ਵਿਚ ਉਸ ਦੇ ਕਾਰਨ

ਦਲੀਲਾਂ ਦੇ , ਵਕਤਾ ਆਪਣੀ ਗੱਲ ਮਨਾਉਣ ਲਈ ਅਪੀਲ ਕਰਨ 'ਤੇ ਪੁੱਜੇ, ਤਾਂ ਤਕਰੀਰ ਨੂੰ ਜਿਥੋਂ ਤਕ ਹੋ ਸਕੇ ਸਰਲ ਤੇ ਜ਼ੋਰਦਾਰ ਬਣਾਵੇ। ਉਹ ਸਰੋਤਿਆਂ ਦਾ ਨਿਸਚਾ ਹਾਸਲ ਕਰਨ ਲਈ ਸ਼ਬਦਾਂ ਨੂੰ ਵਧੇਰੇ ਤੋਂ ਵਧੇਰੇ ਭਾਵ ਪੂਰਤ ਤੇ ਰੰਗੀਨ ਬਣਾਂਦਾ ਜਾਵੇ। ਇਹ ਹਨ ਕੁਝ ਇਕ ਤਰੀਕੇ, ਜਿਨ੍ਹਾਂ ਨੂੰ ਮੁੱਢ ਵਿਚ ਸਾਹਮਣੇ ਰੱਖਿਆ ਇਕ ਲੈਕਚਰਾਰ ਅਸਾਨੀ ਨਾਲ ਸਫਲਤਾ ਪ੍ਰਾਪਤ ਕਰ ਸਕਦਾ ਹੈ ।

ਛੇਕੜਲਾ ਅੰਗ

ਤਕਰੀਰ ਲਈ ਤਿਆਰੀ ਦਾ ਛੇਕੜਲਾ ਅੰਗ ਉਸ ਨੂੰ ਖ਼ਿਆਲ ਤੌਰ 'ਤੇ ਦੁਹਰਾਣਾ ਹੈ । ਜਿਸ ਮਜ਼ਮੂਨ 'ਤੇ ਤਕਰੀਰ ਕਰਨੀ ਹੈ, ਉਸ ਨੂੰ ਪੜ੍ਹਨ, ਸੋਧਣ ਤੇ ਤਰਤੀਬ ਦੇਣ ਦੇ ਬਾਅਦ ਨੋਟ ਲਿਖ ਕੇ ਜਦ ਮਸਾਲਾ ਦਿਮਾਗ਼ ਵਿਚ ਇਕੱਠਾ ਕਰ ਲਿਆ ਜਾਵੇ, ਤਾਂ ਬੋਲਣ ਤੋਂ ਪਹਿਲਾਂ ਜਿਤਨੀ ਵੇਰਾਂ ਦੀ ਖ਼ਿਆਲੀ ਤਕਰੀਰ ਕਰ ਲਈ ਜਾਵੇ, ਉਤਨਾ ਹੀ ਚੰਗਾ ਹੈ। ਇਕ ਤਾਂ ਸਾਰਾਮਿਸਾਲਾ ਬਾਰ-ਬਾਰ ਦੁਹਰਾਣ ਨਾਲ ਦਿਮਾਗ਼ ਵਿਚ ਚੰਗੀ ਤਰ੍ਹਾਂ ਟਿਕ ਜਾਵੇਗਾ ਤੇ ਬੋਲਣ ਸਮੇਂ ਯਾਦ-ਸ਼ਕਤੀ ਤੇ ਬਾਹਲਾ ਜ਼ੋਰ ਨਹੀਂ ਪਾਉਣਾ ਪਵੇਗਾ ਤੇ ਦੂਜੇ ਇਸ ਤਰ੍ਹਾਂ ਦੁਹਰਾਣ ਨਾਲ ਵਾਕਿਆਤ ਦੀ ਤਰੁੱਟੀ, ਦਲੀਲਾਂ ਦੀ ਕਮਜ਼ੋਰੀ ਤੇ ਸ਼ਬਦਾਂ ਦੀ ਪੂੰਜੀ ਦਾ ਪਤਾ ਲੱਗ ਜਾਵੇਗਾ। ਵੇਲੇ ਸਿਰ ਹਰ ਕਮਜ਼ੋਰੀ ਦਾ ਇਲਾਜ ਕੀਤਾ ਜਾ ਸਕੇਗਾ ।

ਬੋਲੀ

ਤਕਰੀਰ ਦੇ ਤਿਆਰ ਕਰਨ ਦੇ ਬਾਅਦ ਜਿਸ ਗੱਲ ਵੱਲ ਵਕਤਾ ਨੂੰ ਧਿਆਨ ਦੇਣਾ ਚਾਹੀਦਾ ਹੈ, ਉਹ ਹੈ ਬੋਲੀ । ਬੋਲੀ ਤਕਰੀਰ ਦਾ

ਜਾਮਾ ਹੈ ਜਿਸ ਨੂੰ ਪਹਿਨ ਕੇ ਉਹ ਲੋਕਾਂ ਦੇ ਸਾਹਮਣੇ ਆਉਂਦਾ ਹੈ। ਜ਼ਬਾਨ ਦੀ ਸਰਲਤਾ, ਨਿਪੁੰਨਤਾ, ਉਚਾਰ ਤੇ ਰਸ ਹੀ ਉਹ ਥੰਮ ਹਨ, ਜਿਨ੍ਹਾਂ ਉੱਤੇ ਤਕਰੀਰ ਦਾ ਮਹੱਲ ਕਾਇਮ ਹੋ ਸਕਦਾ ਹੈ। ਵਕਤਾ ਦੀ ਬੋਲੀ ਜੇ ਮਿੱਠੀ, ਸਰਲ ਤੇ ਬਾ ਮੁਹਾਵਰਾ ਹੋਵੇ, ਤਾਂ ਉਹ ਉਸ ਸਿਪਾਹੀ ਦੀ ਤਰ੍ਹਾਂ ਹੋਵੇਗਾ, ਜੋ ਮੈਦਾਨ ਵਿਚ ਉਤਰਿਆ ਤਾਂ ਲੜਾਈ ਦੇ ਪੂਰੇ ਇਰਾਦੇ ਨਾਲ ਹੋਵੇ, ਪਰ ਸ਼ਸਤਰ ਕਮਜ਼ੋਰ ਰੱਖਦਾ ਹੋਵੇ। ਅਸੀਂ ਬੋਲੀ ਦੇ ਅੰਗਾਂ ਤੇ ਵਰਵੇ ਨਾਲ ਥੋੜ੍ਹੀ-ਥੋੜ੍ਹੀ ਵਿਚਾਰ ਲਿਖਦੇ ਹਾਂ।

ਸਰਲਤਾ—ਸਰਲ ਜ਼ਬਾਨ ਵਿਆਖਿਆਨ ਦੀ ਕਾਮਯਾਬੀ ਦਾ ਪਹਿਲਾ ਭੇਦ ਹੈ। ਜਿਸ ਵਕਤਾ ਦੀ ਬੋਲੀ ਵਿਚ ਸਰਲਤਾ ਨਹੀਂ, ਉਹ ਤਕਰੀਰ ਨੂੰ ਇਕ-ਰੱਸ ਨਹੀਂ ਚਲਾ ਸਕਦਾ। ਸਰੋਤਿਆਂ ਨੂੰ ਲਗਾਤਾਰ ਰੱਸ ਦੀ ਤਾਰ ਵਿਚ ਨਾ ਬੰਨ੍ਹ ਸਕਣ ਕਰ ਕੇ ਲੈਕਚਰ ਦਾ ਪ੍ਰਭਾਵ ਬਹੁਤ ਘੱਟ ਜਾਂਦਾ ਹੈ। ਸਰਲਤਾ ਲਈ ਜ਼ਰੂਰੀ ਹੈ ਕਿ ਜ਼ਬਾਨ ਨੂੰ ਸੁਭਾਵਕ ਹੀ ਚਲਣ ਦਿੱਤਾ ਜਾਵੇ। ਜਿਸ ਤਰ੍ਹਾਂ ਅਸੀਂ ਆਮ ਗੱਲ-ਬਾਤ ਵਿਚ ਬੋਲਦੇ ਹਾਂ, ਉਸੇ ਤਰ੍ਹਾਂ ਕੁਦਰਤੀ ਚਾਲ 'ਤੇ ਹੀ ਜ਼ਬਾਨ ਨੂੰ ਚੱਲਣ ਦੇਣਾ ਚਾਹੀਦਾ ਹੈ।

ਕਈ ਵਕਤੇ ਬੋਲੀ ਨੂੰ ਆਰਜ਼ੀ ਤੌਰ 'ਤੇ ਵਿਦਅਤਾ ਦੀ ਰੰਗਤ ਦੇਣ ਦੀ ਕੋਸ਼ਿਸ਼ ਕਰਦੇ ਹਨ ਯਾ ਕਿਸੇ ਮਸ਼ਹੂਰ ਬੁਲਾਰੇ ਦੀ ਨਕਲ। ਇਹ ਦੋਵੇਂ ਢੰਗ ਮਾੜੇ ਹਨ। ਵੱਡੇ ਵਿਦਵਾਨ ਦੀ ਬੋਲੀ ਬੋਲਣ ਦੀ ਕੋਸ਼ਿਸ਼ ਕਰਨਾ, ਵਿਖਿਆਨ ਦੇ ਅਸਰ ਨੂੰ ਕਮਜ਼ੋਰ ਕਰ ਦੇਣਾ ਹੈ। ਕਿਉਂ ਜੇ ਉਸ ਹਾਲਤ ਵਿਚ ਬੋਲਣ ਵਾਲਾ ਵਿਦਵਤਾ ਭਰੇ ਸ਼ਬਦਾਂ ਦੀ ਤਲਾਸ਼ ਵਿਚ ਧਿਆਨ ਲਗਾਵੇਗਾ ਅਤੇ ਲੈਕਚਰ ਦੇ ਖ਼ਿਆਲ ਵੱਲੋਂ ਉਸ ਨੂੰ ਕਮਜ਼ੋਰੀ ਆ ਜਾਵੇਗੀ, ਉਸ ਦੀ ਤਕਰੀਰ ਮੋਟੇ-ਮੋਟੇ ਸ਼ਬਦਾਂ ਦਾ ਮਜ਼ਮੂਆਂ ਬਣ ਕੇ ਰਹਿ ਜਾਵੇਗੀ, ਪਰ ਅਸਰ ਬਹੁਤ ਘੱਟ ਕਰੇਗੀ। ਜਨਤਾ ਵਿੱਚੋਂ ਤਾਂ ਬਹੁਤਿਆਂ ਨੂੰ ਉਸ ਦੇ ਇਕ ਇਕ ਸ਼ਬਦਾਂ ਦੀ ਸਮਝ ਹੀ ਨਹੀਂ ਆਵੇਗੀ ਤੇ ਉਹ ਵਿੱਚੋਂ ਹੀ ਉਪਰਾਮ ਹੋ ਤੁਰਨਗੇ। ਇਸੇ ਤਰ੍ਹਾਂ ਹੀ ਇਕ ਦੂਸਰੇ ਚੰਗੇ ਬੋਲਣ ਵਾਲੇ ਦੀ ਜ਼ਬਾਨ ਨੂੰ ਨਕਲ ਕਰਨ ਦਾ ਹਾਲ ਹੈ। ਕੋਈ

ਗ਼ੈਰ-ਮਾਮੂਲੀ ਜ਼ਹੀਨ ਨਕਲੀਆ ਤੇ ਦੂਜੇ ਦੀ ਬੋਲੀ ਨੂੰ ਬਗੈਰ ਯਾਦਦਾਸ਼ਤ 'ਤੇ ਜ਼ੋਰ ਦਿੱਤਿਆਂ ਬੋਲ ਸਕਦਾ ਹੈ, ਪਰ ਆਮ ਵਕਤਾ ਕੋਲੋਂ ਇਹ ਕੁਛ ਨਹੀਂ ਹੋ ਸਕਦਾ। ਉਹ ਦੂਸਰੇ ਦੀ ਬੋਲੀ ਨੂੰ ਨਕਲ ਕਰਨ ਲਈ ਆਮ ਤੌਰ 'ਤੇ ਆਪਣੀ ਯਾਦਦਾਸ਼ਤ 'ਤੇ ਜ਼ੋਰ ਦੇਣ ਲਈ ਮਜ਼ਬੂਰ ਹੁੰਦਾ ਹੈ ਤੇ ਧਿਆਨ ਉਸ ਪਾਸੇ ਲੱਗ ਜਾਣ ਕਰ ਕੇ ਤਕਰੀਰ ਦਾ ਭਾਵ ਬਲਹੀਣ ਹੋ ਜਾਂਦਾ ਹੈ। ਇਸ ਲਈ ਜ਼ਬਾਨ ਨੂੰ ਸਰਲ ਚੱਲਣ ਦੇਣਾ ਤਕਰੀਰ ਦੀ ਕਾਮਯਾਬੀ ਲਈ ਬਹੁਤ ਜ਼ਰੂਰੀ ਹੈ।

ਸਰਲਤਾ ਦੇ ਬਾਅਦ ਵਕਤਾ ਨੂੰ ਚਾਹੀਦਾ ਹੈ ਕਿ ਉਹ ਉਸੇ ਜ਼ਬਾਨ ਵਿਚ ਬੋਲੇ, ਜਿਸ ਉਹ ਪੂਰੀ ਤਰ੍ਹਾਂ ਬੋਲ ਸਕਦਾ ਹੋਵੇ, ਕਿਸੇ ਇਕ ਬੋਲੀ ਵਿਚ ਤਕਰੀਰ ਨੂੰ ਨਿਬਾਹ ਜਾਣਾ ਇਕ ਖ਼ੂਬਸੂਰਤੀ ਹੈ। ਹਾਂ, ਜੇ ਸਰੋਤਿਆਂ ਦਾ ਮਿਸਰਤ ਇਕੱਠ ਹੋਣ ਕਰ ਕੇ ਜਾ ਪ੍ਰਮਾਣ ਦੇਣ ਲਈ ਆਪਣੇ ਖ਼ਾਸ ਸ਼ਬਦ ਜਾ ਫਿਕਰਿਆਂ ਦਾ ਅਨੁਵਾਦ ਦੂਜੀ ਬੋਲੀ ਵਿਚ ਕਰਨਾ ਪਵੇ, ਤਾਂ ਬੇਸ਼ਕ ਕਰ ਲਵੇ, ਪਰ ਲੱਗਦੇ ਵਾਹ ਇਕੋ ਹੀ ਬੋਲੀ ਬੋਲੇ। ਅਜਿਹਾ ਕਰਨ ਨਾਲ ਤਕਰੀਰ ਦਾ ਬਲ ਕਾਇਮ ਰਹਿੰਦਾ ਹੈ। ਕਈ ਬੁਲਾਰੇ ਬਿਨਾਂ ਲੋੜ ਹੀ ਪੰਜਾਬੀ ਵਿਚ ਵਖਿਆਨ ਦੇਂਦੇ-ਦੇਂਦੇ ਅੰਗ੍ਰੇਜ਼ੀ, ਫ਼ਾਰਸੀ ਜਾ ਸੰਸਕ੍ਰਿਤ ਦੇ ਸ਼ਬਦ ਵਿਚ ਘਸੋੜ ਦਿੰਦੇ ਹਨ। ਉਹ ਬਹੁਤ ਵੇਰ ਇਸ ਗੱਲ ਦਾ ਭੀ ਖ਼ਿਆਲ ਨਹੀਂ ਕਰਦੇ ਕਿ ਸਰੋਤਿਆਂ ਦੀ ਬਹੁ ਗਿਣਤੀ ਇਨ੍ਹਾਂ ਬੋਲੀਆਂ ਨੂੰ ਸਮਝ ਭੀ ਸਕਦੀ ਹੈ ਕਿ ਨਹੀਂ! ਉਹ ਕਈ ਵੇਰ ਉਨ੍ਹਾਂ ਬੋਲੀਆਂ ਦੇ ਸ਼ਬਦ ਭੀ ਬੋਲ ਦਿੰਦੇ ਹਨ, ਜਿਨ੍ਹਾਂ ਨੂੰ ਉਹ ਆਪ ਚੰਗੀ ਤਰ੍ਹਾਂ ਸਮਝਦੇ ਭੀ ਨਹੀਂ ਹੁੰਦੇ।

ਅਸਾਂ ਇਕ ਵੇਰ ਪੰਜਾਬੀ ਬੁਲਾਰੇ ਨੂੰ ਆਗਰੇ ਵਿਚ ਤਕਰੀਰ ਕਰਦਿਆਂ ਸੁਣਿਆਂ। ਉਹ ਸਰੋਤਿਆਂ ਦੇ ਸਾਹਮਣੇ ਫਰਸ਼ 'ਤੇ ਬਹਿਣ ਦਾ ਜ਼ਿਕਰ ਕਰ ਰਿਹਾ ਸੀ ਤੇ ਕਹਿ ਰਿਹਾ ਸੀ, "ਸਾਧ ਸੰਗਤ ਜੀ, ਸਾਡੇ ਦੇਸ਼ ਵਿਚ ਥੱਲੇ ਨੂੰ ਭੁੰਜਾ ਕਹਿੰਦੇ ਹਨ।" ਉਹ ਉਰਦੂ ਜ਼ਬਾਨ ਤੋਂ ਨਾਵਾਕਫ ਸੀ। ਉਸ ਨੂੰ ਇਹ ਭੀ ਪਤਾ ਨਹੀਂ ਸੀ ਕਿ 'ਭੁੰਜਾ' ਉਰਦੂ ਜ਼ਬਾਨ ਦਾ ਸ਼ਬਦ ਨਹੀਂ ਤੇ ਇਕ ਆਗਰੇ ਨਿਵਾਸੀ ਦੇ ਸਾਹਮਣੇ ਥੱਲੇ

ਦਾ ਤਰਜਮਾ 'ਭੁੱਜਾ' ਕਰਨਾ ਬੇਅਰਥ ਹੈ। ਇਸੇ ਤਰ੍ਹਾਂ ਹੀ ਫ਼ਾਰਸੀ, ਅੰਗ੍ਰੇਜ਼ੀ ਯਾ ਸੰਸਕ੍ਰਿਤ ਤੇ ਗ਼ਲਤ ਸ਼ਬਦ ਬੋਲਣ ਦਾ ਰਿਵਾਜ ਪੰਜਾਬੀ ਬੁਲਾਰਿਆਂ ਵਿਚ ਬਹੁਤ ਹੈ। ਵਧੇਰੇ ਮਿਸਾਲਾਂ ਦੇਣ ਦੀ ਕੋਈ ਵਧੇਰੇ ਲੋੜ ਨਹੀਂ। ਭਾਵ ਇਹ ਹੈ ਕਿ ਇਕ ਵਕਤਾ ਇਕੋ ਬੋਲੀ ਤੇ ਉਹ ਬੋਲੇ, ਜਿਸ ਵਿਚ ਉਹ ਨਿਪੁੰਨ ਹੋਵੇ, ਤਕਰੀਰ ਵਿਚ ਵਰਤੇ।

ਬੋਲੀ ਵਿਚ ਨਿਪੁੰਨਤਾ ਦੇ ਬਾਅਦ ਉਚਾਰ ਇਕ ਬੜਾ ਜ਼ਰੂਰੀ ਅੰਗ ਹੈ, ਜਿਸ ਵੱਲ ਵਕਤਾ ਨੂੰ ਖ਼ਿਆਲ ਰੱਖਣਾ ਚਾਹੀਦਾ ਹੈ। ਸ਼ੁਧ ਉਚਾਰ ਤੋਂ ਬਿਨਾਂ ਤਕਰੀਰ ਹਾਸੋ-ਹੀਣੀ ਹੋ ਜਾਂਦੀ ਹੈ। ਹਰ ਦੇਸ਼ ਦੀ ਬਲੀ ਵੀਹਾਂ ਪੰਜੀਆਂ ਕੋਹਾਂ 'ਤੇ ਕੁਝ ਨਾ ਕੁਝ ਬਦਲ ਜਾਂਦੀ ਹੈ, ਜਿਸ ਕਰ ਕੇ ਵਕਤਾ ਨੂੰ ਦੇਸ਼ ਦੀ ਕਿਤਾਬੀ ਬੋਲੀ ਹੀ ਆਮ ਤੌਰ 'ਤੇ ਬੋਲਣੀ ਚਾਹੀਦੀ ਹੈ ਤੇ ਉਸ ਦਾ ਹੀ ਉਚਾਰ ਵਰਤਣਾ ਚਾਹੀਦਾ ਹੈ।

ਅਸੀਂ ਇਕ ਮਸ਼ਹੂਰ ਪ੍ਰਚਾਰਕ ਨੂੰ ਲੈਕਚਰ ਦੇਂਦਿਆਂ ਵੇਖਿਆ। ਉਹ ਸੀ ਤਾਂ ਚੰਗਾ ਵਿਦਵਾਨ, ਪਰ ਬੋਲਣ ਸਮੇਂ ਉੱਤੇ ਨੂੰ ਔਤੇ ਕਰ ਕੇ ਉਚਾਰਦਾ ਸੀ। ਇਸ ਗ਼ਲਤ ਉਚਾਰ ਦਾ ਨਤੀਜਾ ਇਹ ਨਿਕਲ ਰਿਹਾ ਸੀ ਕਿ ਸਰੋਤੇ ਉਸ ਦੇ ਵਖਿਆਨ ਵੱਲ ਧਿਆਨ ਦੇਣ ਦੀ ਥਾਂ ਉਸ ਦੇ ਅਸ਼ੁੱਧ ਉਚਾਰ ਤੇ ਬਾਰ-ਬਾਰ ਹੱਸ ਪੈਂਦੇ ਸਨ, ਜਿਸ ਕਰ ਕੇ ਤਕਰੀਰ ਦਾ ਪ੍ਰਭਾਵ ਘੱਟ ਰਿਹਾ ਸੀ। ਪੰਜਾਬੀ ਵਿਚ ਬੋਲਣ ਵਾਲੇ ਬਹੁਤ ਸਾਰੇ ਸੱਜਣ ਆਮ ਤੌਰ 'ਤੇ ਜਿਜੇ ਨੂੰ ਜ਼ਿਜ਼ਾ ਤੇ ਜ਼ਿਜ਼ੇ ਨੂੰ ਜਿਜਾ, ਸੱਸੇ ਨੂੰ ਸ਼ ਤੇ ਸ਼ ਨੂੰ ਸ ਬਹੁਤ ਉਚਾਰਦੇ ਹਨ।

ਇਕ ਵੇਰਾਂ ਇਕ ਲੈਕਚਰਾਰ, ਪਿੰਡੀ ਬਹਾਉਦੀਨ ਦੇ ਮਜ਼ਮੇ ਦੇ ਸਾਹਮਣੇ ਭਾਰਤ ਦੀ ਪੁਰਾਣੀ ਬੀਰਤਾ 'ਤੇ ਵਿਆਖਿਆਨ ਦੇਂਦਾ ਹੋਇਆ ਕਹਿ ਰਿਹਾ ਸੀ, "ਉਹ ਯੋਧੇ ਰਾਜਪੂਤ ਕਿਧਰ ਗਏ, ਜਿਨ੍ਹਾਂ ਦੀ ਤਲਵਾਰ ਅੱਗੇ ਕੋਈ ਨਹੀਂ ਸੀ ਟਿਕ ਸਕਦਾ।" ਇਸੇ ਤਰ੍ਹਾਂ ਹੀ ਜ਼ਬਾਨ ਨੂੰ ਜ਼ਬਾਨ ਜ਼ਿਆਦਾ ਨੂੰ ਜਾਦਾ ਉਚਾਰਨ ਦਾ ਬਹੁਤ ਰਿਵਾਜ ਹੈ। ਸ਼ੇਖ਼ ਸਾਅਦੀ ਨੂੰ ਸੇਖ ਸ਼ਾਦੀ, ਹਾਫ਼ਜ਼ ਨੂੰ ਹਾਫ਼ਜ਼ ਦਾ ਕਹਿਣ ਦਾ ਬਹੁਤ ਸਾਰੇ ਫ਼ਾਰਸੀ ਤੋਂ ਅਨਜਾਣ ਪੰਜਾਬੀ ਬੁਲਾਰਿਆਂ ਦਾ ਸੁਭਾਅ ਹੈ। ਬਹੁਤ ਸਾਰੇ ਵਕਤਾ

ਐਸੇ ਉਚਾਰ ਭੀ ਕਰਦੇ ਹਨ ਜੋ ਭਾਵੇਂ, ਪੰਜਾਬ ਦੇ ਖ਼ਾਸ ਇਲਾਕਿਆਂ ਵਿਚ ਭਾਵੇਂ ਸਮਝੇ ਜਾ ਸਕਣ, ਪਰ ਸਾਰੀਆਂ ਥਾਵਾਂ 'ਤੇ ਲੋਕ-ਪ੍ਰਿਅ ਨਹੀਂ ਹੋ ਸਕਦੇ। ਜਿਸ ਤਰ੍ਹਾਂ ਜਾਸਾਂ, ਕਿਧਰੇ ਜਾਸੂੰ, ਕਿਧਰੇ ਵਹਿਸੂੰ, ਤੇ ਕਿਤੇ ਜੁਲਸੂ ਵਰਤਿਆ ਜਾਂਦਾ ਹੈ ਪਰ ਇਹ ਇਲਾਕੇ ਵਾਰ ਉਚਾਰ ਹਨ। ਪੰਜਾਬੀ ਬੋਲੀ ਦਾ ਅਸਲ ਉਚਾਰ ਜਾਵਾਂਗਾ, ਹੀ ਹੈ। ਸੋ ਵਕਤਾ ਨੂੰ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਉਸ ਦਾ ਉਚਾਰ ਸੁਧ, ਲੋਕ-ਪ੍ਰਿਅ ਤੇ ਵੱਧ ਤੋਂ ਵੱਧ ਸਰੋਤਿਆਂ ਵੱਲੋਂ ਸਮਝਿਆ ਜਾਣ ਵਾਲਾ ਹੋਵੇ।

ਉਚਾਰ ਦੇ ਮਗਰੋਂ ਜਿਸ ਗੱਲ ਵੱਲ ਵਕਤਾ ਨੂੰ ਧਿਆਨ ਦੇਣਾ ਚਾਹੀਦਾ ਹੈ, ਉਹ ਹੈ ਸ਼ਬਦ ਪੂੰਜੀ (Vocabularey) ਸ਼ਬਦਾਂ ਦਾ ਜਿਤਨਾ ਵੱਡਾ ਖਜ਼ਾਨਾ ਵਕਤਾ ਕੋਲ ਹੋਵੇਗਾ, ਉਤਨੀ ਉਸ ਦੀ ਤਕਰੀਰ ਖ਼ੂਬਸੂਰਤ, ਰੀਲੀ ਤੇ ਭਾਵ-ਪੂਰਤ ਹੋਵੇਗੀ। ਸ਼ਬਦ-ਪੂੰਜੀ ਦੀ ਥੁੜ੍ਹ ਕਰ ਕੇ ਵਕਤਾ ਭਾਵੇਂ ਕੰਮ ਤਾਂ ਸਾਰ ਸਕੇ, ਪਰ ਲੋਕ-ਪ੍ਰਿਅ ਨਹੀਂ ਹੋਵੇਗਾ। ਮਨੁੱਖ ਦੀ ਸੁਭਾਵਕ ਰੁੱਚੀ ਹੈ ਕਿ ਉਹ ਤਬਦੀਲੀ ਪਸੰਦ ਕਰਦਾ ਹੈ। ਜਿਸ ਤਰ੍ਹਾਂ ਅੱਖਾਂ ਨਵੇਂ ਤੋਂ ਨਵਾਂ ਨਜ਼ਾਰਾ ਲੋੜਦੀਆਂ ਹਨ, ਜਿਹੜਾ ਸਵਾਦ ਤੇ ਨੱਕ ਖ਼ੁਸ਼ਬੂ ਉਸੇ ਤਰ੍ਹਾਂ ਕੰਨ ਵੀ ਨਵੇਂ ਤੋਂ ਨਵੇਂ ਸ਼ਬਦ ਸੁਣਨਾ ਪਸੰਦ ਕਰਦੇ ਹਨ।

ਜੇ ਵਕਤਾ ਵਾਰ-ਵਾਰ ਇਕੋ ਹੀ ਸ਼ਬਦ ਦੁਆਰਾ ਪ੍ਰਗਟ ਕਰੇਗਾ, ਉਸ ਦੀ ਤਕਰੀਰ ਵਿਚ ਸੁੰਦਰਤਾ ਨਹੀਂ ਹੋਵੇਗੀ। ਮੈਂ ਫਲਾਣੇ ਕੰਮ ਲਈ ਹਿੰਮਤ ਕੀਤੀ, ਇਸ ਭਾਵ ਨੂੰ ਬਿਆਨ ਕਰਨ ਲਈ ਜੇ ਘੜੀ ਮੁੜੀ ਹਿੰਮਤ ਦਾ ਹੀ ਸ਼ਬਦ ਵਰਤਿਆ ਜਾਵੇ ਤਾਂ ਇਤਨਾ ਸਵਾਦ ਦੇਵੇਗਾ ਜਿਤਨਾ ਕਿ, ਮੈਂ ਹਿੰਮਤ ਕੀਤੀ, ਮੈਂ ਬਲ ਧਾਰਿਆ, ਮੈਂ ਲੱਕ ਬੰਨ੍ਹਿਆਂ, ਮੈਂ ਯਤਨ ਕੀਤਾ, ਮੈਂ ਕਮਰ ਕੱਸ ਲਈ। ਇਨ੍ਹਾਂ ਅੱਡੋ-ਅੱਡ ਸ਼ਬਦਾਂ ਦੀ ਵਰਤੋਂ ਨਾਲ ਉਸ ਭਾਵ ਨੂੰ ਪ੍ਰਗਟ ਕਰਨਾ ਸੁਆਦਲਾ ਲੱਗੇਗਾ। ਜੇ ਵਕਤਾ ਸ਼ਬਦ ਭੰਡਾਰ ਜ਼ਿਆਦਾ ਰੱਖਦਾ ਹੈ, ਉਹ ਤਕਰੀਰ ਨੂੰ ਕਦਮ ਕਦਮ 'ਤੇ ਮਨ ਹਰਨ ਬਣਾਉਂਦਾ ਚਲਾ ਜਾਵੇਗਾ। ਜਿਸ ਤਰ੍ਹਾਂ ਇਕ ਚਤੁਰ ਮਾਲੀ ਗੁਲਦਸਤਾ ਬਨਾਣ ਸਮੇਂ ਭਾਂਤ-ਭਾਂਤ ਦੇ

ਫੁੱਲ ਇਕ ਜਗ੍ਹਾ ਜੋੜ ਕੇ ਉਸ ਵਿਚ ਸੁੰਦਰਤਾ ਪੈਦਾ ਕਰਦਾ ਹੈ, ਉਸੇ ਤਰ੍ਹਾਂ ਹੀ ਚਤੁਰ ਵਕਤਾ ਭਾਂਤ-ਭਾਂਤ ਦੇ ਸ਼ਬਦ ਲਗਾ ਤਕਰੀਰ ਨੂੰ ਰਸੀਲੀ ਬਣਾਦਾ ਹੈ। ਸ਼ਬਦ ਭੰਡਾਰ ਹੀ ਬੁਲਾਰੇ ਦੀ ਸੱਚੀ ਦੌਲਤ ਹੈ, ਪਰ ਇਸ ਭੰਡਾਰੇ ਨੂੰ ਵਰਤਣ ਸਮੇਂ ਕਈ ਨਿਯਮਾਂ ਦਾ ਖ਼ਿਆਲ ਰੱਖਣਾ ਪਵੇਗਾ—

੧. ਕਈ ਸ਼ਬਦ ਦੋ ਅਰਥੇ ਜਾ ਬਹੁ-ਅਰਥੇ ਹੁੰਦੇ ਹਨ। ਉਹ ਵਕਤਾ ਦਾ ਖ਼ਾਸ ਮਤਲਬ ਕਿਸੇ ਵਿਸ਼ੇਸ਼ ਥਾਂ 'ਤੇ ਉਚਾਰ ਨਾਲ ਦੇ ਜਾਂਦੇ ਹਨ। ਦੂਸਰੀ ਦੇ ਉਚਾਰਣ ਨਾਲ ਉਨ੍ਹਾਂ ਦੇ ਅਰਥ ਬਦਲ ਜਾਂਦੇ ਹਨ। ਜਿਹਾ ਕਿ ਸ਼ਬਦ [1]ਡੋਲੀ ਹੈ। ਇਸ ਦੇ ਅਰਥ ਹਨ ਡੋਲੇ ਗਈ, ਪਰ ਜੇ ਲੱਲੇ ਤੇ ਅੱਧਕ ਲੱਗਾ ਕੇ ਬੋਲੇ ਤਾਂ ਬਣ ਜਾਵੇਗਾ 'ਡੋਲੀ' ਜਿਸ ਦੇ ਅਰਥ ਹਨ ਕਹਾਰ ਦੇ ਕੰਧੇ ਚੁੱਕਣ ਵਾਲੀ ਜਨਾਨੀ ਸਵਾਰੀ। ਇਸੇ ਤਰ੍ਹਾਂ ਹੀ ਬੋਲੀ ਤੇ ਬੋਲੀ। ਪਹਿਲੀ ਦੇ ਅਰਥ ਬੋਲ ਪਈ ਤੇ ਦੂਸਰੀ ਦੇ ਕੰਨਾਂ ਤੋਂ ਛੱਟ ਸੁਣਨ ਵਾਲੇ ਹੁੰਦੇ ਹਨ। ਗੋਲੀ ਅਤੇ ਗੋਲੀ ਵਿਚ ਵੀ ਉਚਾਰ ਦਾ ਹੀ ਭੇਦ ਹੈ। ਪਹਿਲੀ ਦੇ ਅਰਥ ਗੋਲਵੱਟੀ ਹੋਈ ਚੀਜ਼ ਤੇ ਦੂਜੀ ਦੇ ਨੌਕਰਾਣੀ ਹਨ। ਵਕਤਾ ਲਈ ਜ਼ਰੂਰੀ ਹੈ ਕਿ ਉਹ ਇਨ੍ਹਾਂ ਸਬਦਾਂ ਦੀ ਵਰਤੋਂ ਕਰਨ ਸਮੇਂ ਅਰਥ ਅਨੁਸਾਰ ਉਚਾਰ ਕਰੇ। ਜੇ ਉਹ ਉਚਾਰ ਵੱਲੋਂ ਗ਼ਫ਼ਲਤ ਕਰੇਗਾ, ਤਾਂ ਉਸ ਦੇ ਅਰਥਾਂ ਵਿਚ ਭੀ ਭੇਦ ਪੈ ਜਾਵੇਗਾ ਤੇ ਕਈ ਉਹ ਸਰੋਤੇ ਜੋ ਬੋਲੀ 'ਤੇ ਬਹੁਤ ਮਾਹਿਰ ਨਹੀਂ ਹੋਣਗੇ, ਅਰਥਾਂ ਦੇ ਨਾ ਸਮਝਣ ਕਰ ਕੇ ਹੈਰਾਨ ਜਿਹੇ ਰਹਿ ਜਾਣਗੇ ਤੇ ਤਕਰੀਰ ਛਾ ਪ੍ਰਭਾਵ ਘਟੇਗਾ।

੨. ਇਸੇ ਤਰ੍ਹਾਂ ਕਈ ਵੇਰ ਇਕ ਭਾਵ ਲਈ ਦੋ ਯਾ ਉਸ ਤੋਂ ਵਧੇਰੇ ਸ਼ਬਦ ਹੁੰਦੇ ਹਨ। ਉਨ੍ਹਾਂ ਦੀ ਵਰਤੋਂ ਸਮੇਂ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਜਿਸ ਦਾ ਭਾਵ ਹੈ ਵਕਤਾ ਕਹਿ ਰਿਹਾ ਹੈ, ਜੇ ਸ਼ਬਦ ਕੇਵਲ

---

੧. *ਜੇ ਤੂੰ ਝਿੜ੍ਹਕਿਆਂ ਏਸ ਬੰਦੀ ਨੂੰ, ਮੈਂ ਸੁਣ ਹੋਈਏ ਬੋਲੀ, ਮੂਲ ਨਾ ਬੋਲੀ। ਫੇਰ ਕਿਉਂ ਮਾਰੀ ਏਸ ਬੰਦੀ ਨੂੰ ਸਾਬਤ ਹਿਜਰ ਦੀ ਗੋਲੀ, ਸਾਂ ਮੈਂ ਗੋਲੀ। ਜੇ ਜਾਣਾ ਛੱਡ ਜਾਣਾ ਤੂੰ ਸੀ, ਮੂਲ ਨ ਚੜ੍ਹਦੀ ਡੋਲੀ, ਹੁਣ ਜਿੰਦ ਡੋਲੀ।*

ਉਸੇ ਭਾਵ ਨੂੰ ਦ੍ਰਿੜਾਂਦੇ ਹੋਣ, ਉਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜੋ ਸ਼ਬਦ ਉਸ ਭਾਵ ਤੋਂ ਬਿਨਾਂ ਕਿਸੇ ਦੂਸਰੇ ਭਾਵ ਲਈ ਭੀ ਵਰਤੇ ਜਾ ਸਕਦੇ ਹੋਣ, ਉਨ੍ਹਾਂ ਦੀ ਵਰਤੋਂ ਗੌਣ ਹੋਣੀ ਚਾਹੀਦੀ ਹੈ, ਮੁਖ ਨਹੀਂ। ਹੁਣ ਜੇ ਲੈਕਚਰਾਰ ਕਿਸੇ ਅਜਿਹੇ ਆਦਮੀ ਦਾ ਜ਼ਿਕਰ ਕਰ ਰਿਹਾ ਹੈ, ਜੋ ਆਪਣਾ ਕਮਾਇਆ ਹੋਇਆ ਧਨ, ਦਰਿਆ-ਦਿਲੀ ਨਾਲ ਗਰੀਬਾਂ ਨੂੰ ਦਾਨ ਦੇ ਦੇਂਦਾ ਹੈ ਤੇ ਉਸ ਦੇ ਲਈ ਸਖੀ ਸ਼ਬਦ ਵਰਤਣਾ ਮੁਖ ਹੋਵੇਗਾ। ਭਾਵੇਂ ਕਈ ਵੇਰ ਦਾਤਾ ਭੀ ਇਨ੍ਹਾਂ ਮਹੀਨਿਆਂ ਵਿਚ ਆ ਜਾਂਦਾ ਹੈ, ਪਰ ਦਾਤਾ ਦੇ ਅਸਲੀ ਅਰਥ ਦੇਣ ਵਾਲਾ ਹਨ ਤੇ ਕਈ ਵੇਰਾਂ ਦੁਖ ਦੇਣ ਵਾਲੇ ਨੂੰ ਭੀ ਦੁਖ-ਦਾਤਾ ਕਿਹਾ ਜਾਂਦਾ ਹੈ, ਪਰ ਸਖੀ ਦੀ ਅਜਿਹੀ ਵਰਤੋਂ ਨਹੀਂ ਹੋ ਸਕਦੀ। ਇਸ ਲਈ ਨਿਰਧਨਾਂ ਨੂੰ ਦਾਨ ਦੇਣ ਵਾਲੇ ਵਾਸਤੇ ਸਖੀ ਪਦ ਦੀ ਵਰਤੋਂ ਹੀ ਮੁੱਖ ਹੈ।

ਇਸੇ ਤਰ੍ਹਾਂ ਹੀ 'ਬਲੀ' ਤੇ 'ਸੂਰਮਾ' ਜਦ ਕਿਸੇ ਜੰਗ ਯੁੱਧ ਦਾ ਜ਼ਿਕਰ ਹੋ ਰਿਹਾ ਹੋਵੇ, ਤਾਂ ਵਕਤਾ ਨੂੰ ਲੜਾਈ ਦੇ ਕਮਰਚਾਰੀ ਨੂੰ ਸੂਰਮਾ ਕਰ ਕੇ ਕਹਿਣਾ ਯੋਗ ਹੈ। ਕਈ ਵੇਰ ਬਲੀ ਲਫ਼ਜ਼ ਭੀ ਵਰਤਿਆਂ ਜਾਂਦਾ ਹੈ, ਪਰ ਇਹਦੇ ਵਿਚ ਅਰਥ ਦੀ ਉਹ ਸੱਤਾ ਨਹੀਂ, ਜੋ ਇਸ ਥਾਂ 'ਸੂਰਮਾ' ਪਦ ਵਿਚ ਹੈ। ਕਿਉਂ ਜੋ 'ਬਲੀ' ਹਰ ਕੰਮ ਵਿਚ ਬਲ ਰੱਖਣ ਵਾਲੇ ਨੂੰ ਕਿਹਾ ਜਾ ਸਕਦਾ ਹੈ। ਖੇਤੀ ਵਣਜ, ਨੌਕਰੀ ਹਰ ਕੰਮ, ਵਿਚ ਬਲ ਰੱਖਣ ਵਾਲੇ ਨੂੰ ਬਲੀ ਕਿਹਾ ਜਾ ਸਕਦਾ ਹੈ, ਪਰ 'ਸੂਰਮਾ' ਸ਼ਬਦ ਰਣ-ਭੂਮੀ ਦੇ ਕਰਮਚਾਰੀਆਂ ਲਈ ਹੀ ਵਿਸ਼ੇਸ਼ ਵਰਤੋਂ ਵਿਚ ਆਉਂਦਾ ਹੈ।

'ਮੋਹ' ਤੇ 'ਪ੍ਰੇਮ' ਇਨ੍ਹਾਂ ਸ਼ਬਦਾਂ ਦੀ ਵਰਤੋਂ ਵਿਚ ਬੜਾ ਧਿਆਨ ਰੱਖਣ ਦੀ ਲੋੜ ਹੈ। 'ਮੋਹ' ਉਹ ਲਗਾਉ ਹੈ, ਜੋ ਕੋਈਗਰਜ਼ਮੰਦ ਬੰਦਾ ਆਪਣੀ ਕਾਮਨਾ ਪੂਰੀ ਕਰਨ ਲਈ ਦੂਜੇ ਨਾਲ ਲਗਾਂਦਾ ਹੈ, ਪਰ ਪ੍ਰੇਮ ਉਹ ਜਜ਼ਬਾ ਹੈ, ਜਿਸ ਰਾਹੀਂ ਬੇਗਰਜ਼ ਪ੍ਰੇਮੀ, ਕਾਮਨਾ ਰਹਿਤ ਹੋ ਦੂਜੇ ਵਿਚ ਲੀਨ ਹੁੰਦਾ ਹੈ। ਸ਼ਬਦ ਵਰਤੋਂ ਤੋਂ ਅਨਜਾਣ ਵਕਤਾ ਕਈ ਵੇਰਾਂ ਕਹੇਗਾ, ਫਲਾਣਾ ਆਦਮੀ ਮਾਇਆ ਦਾ ਬੜਾ ਪ੍ਰੇਮੀ ਹੈ ਹਾਲਾਂ ਕਿ ਮਾਇਆ ਨਾਲ ਲਗਾਓ ਤ੍ਰਿਸ਼ਨਆਤਰ ਸਾਕਾਮ ਮਨੁੱਖ ਦਾ ਹੁੰਦਾ ਹੈ,

ਅਜਿਹੇ ਮਨੁੱਖ ਨੂੰ ਪ੍ਰੇਮੀ ਕਹਿਣਾ, 'ਪ੍ਰੇਮ' ਸ਼ਬਦ ਦੀ ਬਿਲਕੁਲ ਗ਼ਲਤ ਵਰਤੋਂ ਹੈ। ਕਹਿਣਾ ਇਉਂ ਚਾਹੀਦਾ ਸੀ ਕਿ ਉਸ ਨੂੰ ਮਾਇਆ ਨਾਲ ਬੜਾ ਮੋਹ ਹੈ। ਇਸੇ ਤਰ੍ਹਾਂ ਹੀ ਕਈ ਅਨਜਾਣ ਆਖਣਗੇ, ਹੀਰ ਦਾ ਰਾਂਝੇ ਨਾਲ ਬੜਾ ਮੋਹ ਸੀ। ਇਹ ਭੀ ਉਸੇ ਤਰ੍ਹਾਂ ਹੀ ਗ਼ਲਤ ਹੈ। ਮੋਹ ਤਾਂ ਸਾਕਾਮ ਪ੍ਰਾਣੀਆਂ ਦਾ ਤਨ ਦੇ ਰੂਪ ਦੇ ਧਨ ਦੀਆਂ ਮੌਜਾਂ ਨਾਲ ਹੁੰਦਾ ਹੈ। ਹੀਰ ਨੇ ਰਾਂਝੇ ਕੋਲੋਂ ਇਨ੍ਹਾਂ ਦੋਹਾਂ ਚੀਜ਼ਾਂ ਦੀ ਮੰਗ ਨਹੀਂ ਕੀਤੀ। ਉਹ ਜੋਤ ਦੇ ਪ੍ਰੇਮੀ ਸਨ, ਤਨਾਂ ਦੇ ਨਸ਼ਟ ਹੋਣ ਨਾਲ ਭੀ ਉਨ੍ਹਾਂ ਦਾ ਜਜ਼ਬਾ ਨਾ ਮੋਇਆ। ਇਸ ਲਈ ਇਸ ਥਾਂ 'ਤੇ ਕਹਿਣਾ ਚਾਹੀਦਾ ਸੀ, ਹੀਰ ਦਾ ਰਾਂਝੇ ਨਾਲ 'ਪ੍ਰੇਮ' ਸੀ।

ਅਸਾਂ ਪ੍ਰਮਾਣ ਵਜੋਂ ਸ਼ਬਦਾਂ ਦੇ ਇਹ ਤਿੰਨ ਮੁਕਾਬਲੇ ਦਿੱਤੇ ਹਨ। ਇਸ ਨਿਯਮ ਦੇ ਅਧਾਰ 'ਤੇ ਹਰ ਵਕਤਾ ਨੂੰ ਅਜਿਹੇ ਖ਼ਾਸ ਸ਼ਬਦਾਂ ਦੀ ਵਰਤੋਂ ਵੱਲ ਧਿਆਨ ਦੇਣਾ ਚਾਹੀਦਾ ਹੈ, ਭਾਵੇਂ ਕੰਮ ਤਾਂ ਇਨ੍ਹਾਂ ਨਿਯਮਾਂ ਦੀ ਵਰਤੋਂ ਬਿਨਾਂ ਭੀ ਚੱਲ ਹੀ ਜਾਂਦਾ ਹੈ, ਤਕਰੀਰ ਨੂੰ ਪ੍ਰਭਾਵਸ਼ਾਲੀ ਤੇ ਸਿਆਣਿਆਂ ਦੀ ਨਿਗਾਹ ਵਿਚ ਪੂਰੀ ਉਤਰਨ ਯੋਗ ਬਨਾਣ ਲਈ ਇਨ੍ਹਾਂ ਨਿਯਮਾਂ ਦੀ ਪਾਲਣਾ ਸਹਾਇਕ ਹੁੰਦੀ ਹੈ।

੩. ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਜੋ ਫ਼ਿਕਰਿਆਂ ਦੇ ਮੁੱਢ ਵਿਚ ਜਾ ਵਿਚਕਾਰ ਆਉਣੇ ਚਾਹੀਦੇ ਹਨ, ਬੜੀ ਸਮਝ ਕੇ ਕਰਨੀ ਚਾਹੀਦੀ ਹੈ। ਪੰਜਾਬੀ ਦੇ ਬਹੁਤ ਸਾਰੇ ਵਕਤਾ ਉਰਦੂ ਤੇ ਫ਼ਾਰਸੀ ਦੇ ਸ਼ਬਦਾਂ ਦੀ ਵਰਤੋਂ ਆਪਣੀ ਤਕਰੀਰ ਵਿਚ ਕਰਦੇ ਹਨ। ਉਹ ਸ਼ਬਦ ਅਪਣਾਏ ਜਾ ਚੁੱਕੇ ਹਨ। ਉਹ ਪੰਜਾਬੀ ਬੋਲੀ ਦਾ ਅੰਗ ਹੀ ਬਣ ਚੁੱਕੇ ਹਨ, ਪਰ ਉਨ੍ਹਾਂ ਦੀ ਵਰਤੋਂ ਵੱਲ ਖ਼ਾਸ ਧਿਆਨ ਨਹੀਂ ਦਿੱਤਾ ਜਾਂਦਾ। ਜਿਹਾ ਕਿ ਅਗਰ, ਮਗਰ, ਬਲਕਿ, ਚੁਨਾਚਿ ਜੋ, ਜਬ, ਯਾਂਨੀ ਪਦ ਹਨ। ਇਨ੍ਹਾਂ ਦੀ ਵਰਤੋਂ ਪੰਜਾਬੀ ਦੇ ਲੈਕਚਰਾਰ ਦਿਨ ਰਾਤ ਕਰਦੇ ਹਨ, ਪਰ ਵਰਤੋਂ ਕਰਨ ਦੀ ਯੋਗਤਾ ਵੱਲ ਧਿਆਨ ਘੱਟ ਦਿੱਤਾ ਜਾਂਦਾ ਹੈ। ਨਿਯਮ ਅਨੁਸਾਰ 'ਅਗਰ' ਫਿਕਰੇ ਦੇ ਆਰੰਭ ਵਿਚ ਆਵੇਗਾ 'ਮਗਰ' ਵਿਚਕਾਰ। ਪਰ ਕਈ ਬੋਲਣ ਵਾਲੇ 'ਮਗਰ' ਤੋਂ ਹੀ ਫਿਕਰਾ ਸ਼ੁਰੂ ਕਰ ਦੇਣਗੇ। ਏਸ

ਤਰ੍ਹਾਂ ਹੀ ਕਈ ਯਾਨੀ ਤੋਂ ਆਰੰਭ ਕਰਨਗੇ । ਸਿਆਣੇ ਬੁਲਾਰੇ ਨੂੰ ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਵਿਆਕਰਣ ਅਨੁਸਾਰ ਯੋਗ ਅਯੋਗ ਥਾਂ ਦਾ ਵੇਰਵਾ ਸਮਝ ਲੈਣਾ ਚਾਹੀਦਾ ਹੈ ।

੪. ਤਕਰੀਰ ਕਰਨ ਵਾਲੇ ਸ਼ਬਦ ਵਰਤੋਂ ਸਮੇਂ, ਨੰਗੇ ਤੇ ਕੋਝੇ ਸ਼ਬਦਾਂ ਦੀ ਵਰਤੋਂ ਤੋਂ ਹਮੇਸ਼ਾਂ ਬਚਣਾ ਚਾਹੀਦਾ ਹੈ । ਕਿਸੇ ਗੁਲਦਸਤੇ ਵਿਚ ਕਦੇ ਬੋਹਰ ਦੇ ਫੁੱਲ ਨਹੀਂ ਲਾਏ ਜਾਂਦੇ । ਜਿਸ ਤਰ੍ਹਾਂ 'ਪ੍ਰਾਹੁਣਾ' ਮਹਿਮਾਨ, ਜਵਾਈ, ਧੀ ਦੇ ਘਰ ਵਾਲਾ ਤੇ ਕੁੜੀ ਦਾ ਖਸਮ । ਇਕੋ ਹੀ ਮਤਲਬ ਦੇ ਦੱਸਣ ਵਾਲੇ ਸ਼ਬਦ ਹਨ ।

ਪਰ ਵਕਤਾ ਦੀ ਸਿਆਣਪ ਤੇ ਸਭਿਅਤਾ, ਇਨ੍ਹਾਂ ਵਿਚੋਂ ਅੱਡੋ-ਅੱਡ ਸ਼ਬਦਾਂ ਦੀ ਵਰਤੋਂ ਅਨੁਸਾਰ ਜਾਂਚੀ ਜਾਵੇਗੀ । ਜਦੋਂ ਕਿ ਅੱਲੜ੍ਹ ਤੇ ਅਦਨਾ ਦਰਜ਼ੇ ਦਾ ਬੋਲਣ ਵਾਲਾ, ਕੁੜੀ ਦਾ ਖਸਮ, ਸ਼ਬਦ ਵਰਤੇਗਾ, ਉਥੇ ਚੋਟੀ ਦਾ ਬੋਲਣ ਵਾਲਾ, ਪ੍ਰਾਹੁਣਾ ਜਾ ਮਹਿਮਾਨ ਸ਼ਬਦ ਵਰਤੇਗਾ। ਕਈ ਵੇਰ ਪੰਜਾਬੀ ਵਿਵਾਹਾਂ ਵਿਚ ਅਮੂਮਨ ਤੇ ਸਿੱਖਾਂ ਦੇ ਅਨੰਦ ਕਾਰਜ਼ਾਂ ਵਿਚ ਖਸੂਮਨ ਵਿਆਂਦੜ ਮੁੰਡੇ ਕੁੜੀ ਨੂੰ ਜੀਵਨ ਵਿਚ ਪਤੀਬਰਤ ਤੇ ਇਸਤਰੀ ਬਰਤ ਧਰਮ ਨਿਭਾਣ ਦੀ ਸਿੱਖਿਆ ਦੇਂਦੇ ਹੋਏ, ਪ੍ਰਚਾਰਕ ਆਪਣੀ-ਆਪਣੀ ਲਿਆਕਤ ਦਾ ਮੁਜ਼ਾਹਿਰਾ ਕਰਦੇ ਹਨ । ਇਕ ਘੱਟੀਆਂ ਦਰਜ਼ੇ ਦਾ ਉਪਦੇਸ਼ ਦੇਣ ਵਾਲਾ ਅਚਾਰਯ, ਮਸੂਮ ਲੜਕੀ ਨੂੰ ਕਹੇਗਾ, "ਉਮਰ ਭਰ ਇਸ ਨੌਜਵਾਨ ਤੋਂ ਬਿਨਾਂ ਕਿਸੀ ਦੂਸਰੇ ਮਰਦ ਨਾਲ ਸੰਗ ਨਹੀਂ ਕਰਨਾ ।"

ਇਸੇ ਤਰ੍ਹਾਂ ਹੀ ਮੁੰਡੇ ਨੂੰ ਉਮਰ ਭਰ ਕਿਸੇ ਪਰ ਇਸਤਰੀ ਦੀ ਸੇਜ 'ਤੇ ਪੈਰ ਨਾ ਧਰਨ ਦੀ ਤਾਗੀਦ ਕਰੇਗਾ। ਇਹ ਨੰਗੇ ਸ਼ਬਦ ਜਿਥੇ ਮਸੂਮ ਲੜਕੇ ਲੜਕੀ ਨੂੰ ਕੋਝੇ ਮਨ ਨੂੰ ਨਾ ਭਾਉਣ ਵਾਲੇ ਪ੍ਰਤੀਤ ਹੋਣਗੇ । ਉਥੇ ਹੀ ਵਿਆਹ ਸਮੇਂ ਜੁੜੇ ਹੋਏ ਜਾਂਞੀਆਂ ਮਾਞੀਆਂ ਨੂੰ ਇਨ੍ਹਾਂ ਤੋਂ ਗਿਆਨੀ ਆਵੇਗੀ । ਇਸੇ ਹੀ ਭਾਵ ਨੂੰ ਇਕ ਸਿਆਣਾ ਪ੍ਰਚਾਰਕ ਇਨ੍ਹਾਂ ਸ਼ਬਦਾਂ ਵਿਚ ਨਿਭਾ ਜਾਵੇਗਾ, "ਬਚਿਓ ਉਮਰ ਭਰ ਮਨ ਬਾਣੀ ਤੇ ਸਰੀਰ ਕਰ ਕੇ ਇਕ ਦੂਜੇ ਦੇ ਵਫਾਦਾਰ ਮਿੱਤਰ ਰਹੋ । ਦੋਹਾਂ ਵਿੱਚੋਂ

ਕਿਸੇ ਨੇ ਭੀ ਅੱਜ ਦੇ ਕੀਤੇ ਹੋਏ ਪ੍ਰਣਾਂ ਤੋਂ ਨਹੀਂ ਡੋਲਣਾ।"

ਇਸੇ ਤਰ੍ਹਾਂ ਕਿਸੇ ਭੀ ਮਜ਼ਮੂਨ ਉੱਤੇ ਕਿਉਂ ਨਾ ਤਕਰੀਰ ਕੀਤੀ ਜਾਏ, ਕੋਝੇ ਸ਼ਬਦਾਂ ਦੀ ਵਰਤੋਂ ਤੋਂ ਬਚਣਾ ਤੇ ਉਨ੍ਹਾਂ ਦੀ ਥਾਂ ਮਿੱਠੇ ਸ਼ਬਦਾਂ ਦੀ ਵਰਤੋਂ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਜ਼ੈਦ ਨੇ ਪੜ੍ਹਨ ਵਿਚ ਨਾਲਾਇਕ ਸਾਬਤ ਹੋਯਾ ਜ਼ੈਦ ਨੇ ਪੜ੍ਹਨ ਵਿਚ ਕੋਈ ਯੋਗਤਾ ਨਾ ਦਿਖਾਈ। ਫਲਾਣਾ ਬੜਾ ਨਿਕੰਮਾ ਹੈ, ਦੀ ਜਗ੍ਹਾਂ ਫਲਾਣੇ ਦਾ ਅਕਾਰ ਵਿਹਾਰ ਲੋਕਾਂ ਲਈ ਸੁਖਦਾਈ ਨਹੀਂ।' ਇਸੇ ਤਰ੍ਹਾਂ ਸ਼ਬਦ ਦੀ ਵਰਤੋਂ ਸਮੇਂ ਵਕਤਾ ਨੂੰ ਖ਼ਿਆਲ ਰੱਖਣਾ ਬਣਦਾ ਹੈ।

੫. ਲੰਬੇ-ਲੰਬੇ ਫ਼ਿਕਰਿਆਂ ਦੀ ਥਾਂ, ਛੋਟੇ ਫ਼ਿਕਰੇ ਤਕਰੀਰ ਨੂੰ ਖ਼ੂਬਸੂਰਤ ਬਣਾਂਦੇ ਹਨ। ਲੰਬੇ ਫ਼ਿਕਰਿਆਂ ਵਿਚ ਇਕ ਜਾਂ ਕਈ ਥਾਈਂ ਅਰਧ ਬਿਸਰਾਮ ਜਾ ਬਿਸਰਾਮ ਦੇਣਾ ਪੈਂਦਾ ਹੈ, ਜਿਸ ਨੂੰ ਪੂਰਾ-ਪੂਰਾ ਨਿਭਾਣਾ ਕਿਸੇ ਖ਼ਾਸ ਵਕਤਾ ਦਾ ਹਿੱਸਾ ਹੁੰਦਾ ਹੈ ਤੇ ਦੂਜਾ ਮਤਲਬ ਥੋੜ੍ਹਾ ਤੇ ਅੱਖਰ ਵਧੇਰੇ ਹੋਣ ਕਰ ਕੇ ਤਕਰੀਰ ਦਾ ਵਿਸ਼ੇਸ਼ ਹਿੱਸਾ ਨਿਰਾਰਥ ਤੇ ਵਕਤ ਗਵਾਣ ਵਾਲਾ ਸਮਝਿਆ ਜਾਂਦਾ ਹੈ। ਪੁਰਾਣੇ ਸਕੂਲਾਂ ਵਿਚ ਜਦੋਂ ਮਨੁੱਖ ਇਨਾ ਰੁੱਝਿਆਂ ਹੋਇਆ ਨਹੀਂ ਸੀ, ਤਾਂ ਵੱਡੇ-ਵੱਡੇ ਫ਼ਿਕਰੇ ਲਿਖਣ ਤੇ ਬੋਲਣ ਦੀ ਸਿੱਖਿਆ ਦਿੱਤੀ ਜਾਂਦੀ ਸੀ ਪਰ ਅੱਜ ਦੇ ਨਵੇਂ ਯੁੱਗ ਵਿਚ ਮਨੁੱਖ ਨੂੰ ਇਤਨੀ ਫ਼ੁਰਸਤ ਨਹੀਂ ਕਿ ਉਹ ਥੋੜ੍ਹਾ ਮਤਲਬ ਸਮਝਣ ਲਈ ਬਹੁਤ ਸਾਰੇ ਸ਼ਬਦ ਸੁਣੇ। ਉਹ ਇਸ ਦੇ ਉਲਟ ਥੋੜ੍ਹੇ ਸ਼ਬਦਾਂ ਤੋਂ ਬਹੁਤ ਸਾਰਾ ਮਤਲਬ ਸਮਝਣਾ ਚਾਹੁੰਦਾ ਹੈ। ਪੁਰਾਣਾ ਢੰਗ ਸ਼ਬਦਾਂ ਦੀ ਵਿਆਖਿਆ ਵਰਤੋਂ ਵਧੇਰੇ ਕਰਦਾ ਸੀ।

ਕਹਿੰਦੇ ਹਨ ਕਿ ਇਕ ਮਸਜਦ ਦੇ ਮੌਲਾਨਾ ਵਿਦਿਆਰਥੀਆਂ ਨੂੰ ਸਦਾ ਤਾਕੀਦ ਕਰਦੇ ਹਨ, ਜੋ ਉਚਾਰਦੀ ਸ਼ੁਧੀ ਤੇ ਗਲ ਦੀ ਲੰਬਾਈ ਕਰ ਕੇ ਤੁਸੀਂ ਲਾਇਕ ਸਮਝ ਜਾਵੋਗੇ ਤੇ ਮਦਰਸੇ ਦੀ ਨੇਕ-ਹਾਮੀ ਹੋਵੇਗੀ। ਇਕ ਦਿਨ ਇਤਫ਼ਾਕ ਨਾਲ ਕੋਈ ਅੱਗ ਦੀ ਚਿਨਗ ਜਨਾਬ ਦੀ ਪਗੜੀ ਵਿਚ ਜਾ ਪਈ। ਵਿਦਿਆਰਥੀਆਂ ਦੇਖ ਤਾਂ ਲਈ ਪਰ ਹੁਣ ਸੋਚਣ ਲੱਗੇ ਕਿ ਉਸਤਾਦ ਸਾਹਿਬ ਨੂੰ ਕਿਸ ਤਰ੍ਹਾਂ ਦੱਸਿਆ ਜਾਵੇ।

ਜਿਸ ਗੱਲ ਵਿਚ ਦਸਤਾਰ ਜਿਹੀ ਸਤਿਕਾਰ ਭਰੀ ਤੇ ਅੱਗ ਦੀ ਚੰਗਾੜੀ ਜਿਹੀ ਨਿੰਦਤ ਸ਼ੈ ਦਾ ਜ਼ਿਕਰ ਕਰਨਾ ਹੋਵੇ, ਉਹ ਫਿਕਰਾ ਕਿਸ ਤਰ੍ਹਾਂ ਬਣੇ। ਕਾਫੀ ਸੋਚ ਵਿਚਾਰ ਦੇ ਮਗਰੋਂ ਕੁਝ ਸਿਆਣਿਆਂ ਲੜਕਿਆਂ ਨੇ ਇਕ ਫ਼ਿਕਰਾ ਜੋੜਿਆਂ ਤੇ ਇਕ ਮੁਖੀ ਮੁੰਡੇ ਨੇ ਮੌਲਾਨਾ ਸਾਹਿਬ ਦੇ ਸਾਹਮਣੇ ਜਾ ਕੇ ਪਹਿਲਾਂ ਸੱਤ [2]ਫ਼ਰਸ਼ੀ ਸਲਾਮ ਕੀਤੇ ਤੇ ਫਿਰ ਬੋਲਿਆ, "ਜਨਾਬ ਉਸਤਾਦਾਨਾ ਮੌਲਾਨਾ ਕਿਬਲਾਂ ੳ ਕਾਅਬਾ ਫਿਦਵੀਆਨ ੳ ਖਾਕਸਰਾਨ ਹਜ਼ੂਰੇ ਅਲੀ ਕੀ ਖਿਦਮਤੇ ਮੁਕਦਸ ਮੇਂ ਦਸਤ ਬਸਤਾਮਾਰੂਜ਼ ਹੈਂ ਕਿ ਹਜ਼ੂਰੇ ਪੁਰਨੂਰ ਦੀ ਦਸਤਾਰੇ ਅਸਮਤ ਆਸਾਰ ਪਰ ਏਕ ਅਖਗਰੇ ਸ਼ਰਬਾਰੇ ਨਾਹਿੰਜਾਰ ਤੇ ਆਤਸ਼ ਕਦਾ ਸੋਅਲਾ ਅਫਗਨ ਹੈ।"

ਏਨਾ ਕਹਿੰਦੀਆਂ ਤਕ ਮੌਲਵੀ ਸਾਹਿਬ ਦੀ ਦਸਤਾਰ ਤਾਂ ਸੜ ਗਈ ਤੇ ਅੱਗ ਵਾਲਾਂ ਤਕ ਪਹੁੰਚ ਗਈ। ਇਹ ਸੀ ਪੁਰਾਣੇ ਢੰਗ ਦਾ ਲੰਬਾ ਫ਼ਿਕਰਾ, ਜਿਸ ਨੂੰ ਕਿ ਇਤਨਾ ਹੀ ਆਖ ਕੇ ਮਤਲਬ ਪੂਰਾ ਕੀਤਾ ਜਾ ਸਕਦਾ ਸੀ, "ਆਪ ਦੀ ਪੱਗ ਵਿਚ ਅੱਗ ਜਾ ਪਈ ਹੈ।" ਅੱਜ ਸਮਾਂ ਵੱਡੇ ਫਿਕਰੇ ਬੋਲਣ ਦੀ ਇਜਾਜ਼ਤ ਨਹੀਂ ਦਿੰਦਾ। ਲਿਖਤ ਵਿਚ ਜਿਸ ਤਰ੍ਹਾਂ ਸ਼ਾਰਟਹੈਂਡ ਦਾ ਕੰਮ ਦੇਂਦਾ ਹੈ, ਉਸੇ ਤਰ੍ਹਾਂ ਬੋਲਣ ਵਿਚ ਭੀ ਛੋਟੇ-ਛੋਟੇ ਫਿਕਰੇ ਤੇ ਕਈ ਵੇਰਾਂ ਕੁਝ ਇਸ਼ਾਰਿਆਂ ਨਾਲ ਹੀ ਕਈ ਭਾਵ ਦੇ ਜਾਣਾ ਵਕਤਾ ਦੇ ਗੁਣ ਸਮਝੇ ਜਾਂਦੇ ਹਨ। ਜਿਸ ਤਰ੍ਹਾਂ ਇਹ ਕੰਮ ਬਹੁਤ ਛੇਤੀ ਹੋ ਜਾਵੇਗਾ, 'ਇਹ ਕੰਮ ਬਸ ਆਖ ਕੇ ਅੱਗੇ ਚੁਟਕੀ ਬਜਾ ਦੇਣੀ। ਫਲਾਣੇ ਨੇ ਸਿੱਟਾ ਕੀਤਾ। ਇਕ ਦਿਨ ਨੰਬਰ ਗ਼ਲਤ ਆਉਣ ਨਾਲ ਹੀ ਉਸ ਦਾ ਕਾਰੋਬਾਰ ਤਬਾਹ ਹੋ ਗਿਆ। ਕਾਰੋਬਾਰ ਤਬਾਹ ਹੋ ਗਿਆ ਦੀ ਥਾਂ ਬਸ ਕਹਿ ਕੇ ਹੱਥ ਦੀਆਂ ਉਂਗਲਾਂ ਦਾ ਛਣਕ ਦੇਣਾ ਹੀ ਕੰਮ ਦੇ ਜਾਂਦਾ ਹੈ। ਸਾਡਾ ਮਤਲਬ ਇਹ ਹੈ ਕਿ ਵਰਤਮਾਨ ਸਮੇਂ ਦਾ ਬੋਲਣ ਦਾ ਹੁਨਰ ਬਹੁਤ ਸੰਕੋਚ ਮੰਗਦਾ ਹੈ। ਥੋੜ੍ਹੇ ਸ਼ਬਦ ਛੋਟੇ ਫ਼ਿਕਰੇ ਕਦੀ ਕਦੀ ਇਸ਼ਾਰੇ 'ਤੇ ਬਹੁਤ ਸਾਰਾ ਮਤਲਬ ਦਰਸਾ ਜਾਣਾ ਵਕਤਾ ਦਾ ਕਮਾਲ ਹੈ।

੬. ਜਿਥੇ ਬੁਲਾਰੇ ਨੂੰ ਖ਼ਾਸ-ਖ਼ਾਸ ਸ਼ਬਦਾਂ ਦੀ ਵਰਤੋਂ ਲਈ ਸੁਚੇਤ

---

੨. ਜ਼ਮੀਨ ਨੂੰ ਹੱਥ ਲੱਗਾ ਕੇ ਫਿਰ ਮੱਥੇ ਲਾਉਣਾ ਫ਼ਰਸ਼ੀ ਸਲਾਮ ਅਖਵਾਉਂਦਾ ਹੈ।

ਰਹਿਣਾ ਚਾਹੀਦਾ ਹੈ, ਉਥੇ ਇਕ ਚੀਜ਼ ਤੋਂ ਹਮੇਸ਼ਾਂ ਬਚੇ ਰਹਿਣ ਦਾ ਭੀ ਖ਼ਿਆਲ ਰੱਖਣਾ ਚਾਹੀਦਾ ਹੈ। ਉਹ ਹੈ ਵਾਦੀ ਬੋਲ, ਤਕੀਆ ਕਲਾਮ, ਇਹ ਚੀਜ਼ ਵਕਤਾ ਲਈ ਬਹੁਤ ਹਾਨੀਕਾਰਕ ਹੁੰਦੀ ਹੈ, ਜਿਸ ਤਰ੍ਹਾਂ ਕੋਈ ਖ਼ਾਸ ਕਿਸਮ ਦੀ ਸਰੀਰਕ ਹਰਕਤ ਬੋਲਣ ਵਾਲੇ ਸਰੋਤਿਆਂ ਦੇ ਸਾਹਮਣੇ ਹਾਸੋ-ਹੀਣਾ ਕਰ ਦੇਂਦੀ ਹੈ, ਉਸੇ ਤਰ੍ਹਾਂ ਕਿਸੇ ਖ਼ਾਸ ਵਾਦੀ ਬੋਲ ਦੀ ਵਾਰ ਵਾਰ ਵਰਤੋਂ ਭੀ ਲੈਕਚਰਾਰ ਨੂੰ ਸਰੋਤਿਆਂ ਦੀ ਨਿਗਾਹ ਵਿਚ ਗਿਰਾ ਦੇਂਦੀ ਹੈ। ਵਾਦੀ ਬੋਲ ਦੀ ਵਰਤੋਂ ਸਮੇਂ ਬੋਲਣ ਵਾਲਾ ਉਸ ਦੇ ਅਰਥਾਂ ਵੱਲ ਤਾਂ ਕਦੇ ਧਿਆਨ ਦੇਂਦਾ ਹੀ ਨਹੀਂ, ਕਿਉਂ ਜੋ ਉਹ ਬੋਲ ਘੜੇ ਦੀ ਉਸ ਭੱਕ-ਭੱਕ ਵਾਂਗ, ਜੋ ਪਾਣੀ ਪਲਟਣ ਲੱਗਿਆ, ਉਸ ਵਿੱਚੋਂ ਨਿਕਲਦੀ ਹੈ, ਬੁਲਾਰੇ ਦੇ ਮੂੰਹੋਂ ਸੁਭਾਵਕ ਹੀ ਨਿਕਲਦਾ ਚਲਾ ਜਾਂਦਾ ਹੈ ਤੇ ਉਹ ਬਹੁਤ ਵੇਰਾਂ ਆਪਣੇ ਅਣਢੁਕਵੇਂ ਤੇ ਕੋਝੇ ਅਰਥ ਦੇ ਕੇ ਵਕਤਾ ਦੀ ਹਾਨੀ ਕਰਾ ਦੇਂਦਾ ਹੈ। ਕਹਿੰਦੇ ਹਨ, ਕਿਸੇ ਮਨੁੱਖ ਦਾ ਵਾਦੀ ਬੋਲ ਸੀ, "ਜਿਹਾ ਕਿ ਤੁਸੀਂ" ਉਹ ਇਕ ਦਿਨ ਕਿਸੇ ਅਮੀਰ ਦੇ ਘਰ ਗਿਆ ਤੇ ਉਸ ਨੂੰ ਆਪਣੇ ਸ਼ਿਕਾਰ ਦੇ ਦੌਰੇ ਦੀ ਗੱਲ ਸੁਨਾਣ ਲੱਗਾ ਤੇ ਬੋਲਿਆ, "ਜਨਾਬ ਅਸੀਂ ਕਲ ਸ਼ਿਕਾਰ ਨੂੰ "ਜਿਹਾ ਕਿ ਤੁਸੀਂ," ਧੁੱਪ ਬੜੀ, ਪਰ ਅਸੀਂ ਤੁਰੀ ਗਏ "ਜਿਹਾ ਕਿ ਤੁਸੀਂ", ਜੰਗਲ ਵਿੱਚੋਂ ਇਕ ਰਿੱਛ ਨਿਕਲਿਆ, "ਜਿਹਾ ਕਿ ਤੁਸੀਂ" ਸਾਡੇ ਕੋਲ ਇਕ ਬੜਾ ਤੁੰਦ ਕੁੱਤਾ ਸੀ "ਜਿਹਾ ਕਿ ਤੁਸੀਂ" ਹੁਣ ਬੋਲਣ ਵਾਲਾ ਤਾਂ ਆਪਣੇ ਜੋਸ਼ ਵਿਚ ਬੋਲੀ ਜਾਵੇ, ਪਰ ਉਹ ਅਮੀਰ ਤੇ ਹੋਰ ਕੋਲ ਬੈਠੇ ਹੋਏ ਲੋਕ ਗੁੱਸੇ ਵਿਚ ਭਰ ਗਏ ਤੇ ਜਦੋਂ ਉਨ੍ਹਾਂ ਨੇ ਬੋਲਣ ਵਾਲੇ ਨੂੰ ਟੋਕਿਆ, ਤਾਂ ਉਸ ਨੂੰ ਸਮਝ ਨਾ ਆਵੇ ਕਿ ਉਹ ਲੋਕ ਕਿਉਂ ਗੁੱਸੇ ਹੋ ਰਹੇ ਹਨ।

ਅਸਲ ਵਿਚ ਤਾਂ ਗੁੱਸੇ ਵਾਲੀ ਗੱਲ ਸੀ, ਉਸ ਦਾ ਵਾਦੀ ਬੋਲ 'ਜਿਹਾ ਕਿ ਤੁਸੀਂ' ਪਰ ਬੋਲਣ ਵਾਲੇ ਨੂੰ ਪਤਾ ਹੀ ਨਹੀਂ ਸੀ ਕਿ ਉਹ ਇਸ ਸ਼ਬਦ ਦੀ ਵਰਤੋਂ ਕਰ ਭੀ ਰਿਹਾ ਹੈ ਕਿ ਨਹੀਂ, ਪਰ ਉਸ ਦੀ ਸਾਰੀ ਗੱਲ-ਬਾਤ ਦਾ ਸਤਿਆਨਾਸ ਵਾਦੀ ਬੋਲ ਕਰ ਕੇ ਹੋ ਰਿਹਾ ਸੀ। ਪੰਜਾਬੀ ਬੋਲੀ ਵਿਚ ਤਕਰੀਰ ਕਰਨ ਵਾਲਿਆਂ ਵਿੱਚੋਂ ਸਾਧੂ ਸਮਾਜ ਦੀ ਸੰਗੀਤ ਵਿਚ

ਪੜ੍ਹੇ ਹੋਏ ਬਹੁਤ ਸਾਰੇ ਬੁਲਾਰਿਆਂ ਦੀ ਜ਼ਬਾਨ 'ਤੇ 'ਆਣ ਕਰ ਕਰ ਕੇ' ਦਾ ਵਾਦੀ ਬੋਲ ਬਹੁਤ ਰਹਿੰਦਾ ਹੈ। ਅਸਾਂ ਇਕ ਪੰਜਾਬੀ ਦੇ ਬੜੇ ਅੱਛੇ ਵਕਤਾ ਤੇ ਲੀਡਰ ਨੂੰ ਆਪਣੀ ਤਕਰੀਰ ਵਿਚ ਬਾਰ-ਬਾਰ ਯਾਨੀ ਕੇ, ਯਾਨੀ, ਕੇ ਦਾ ਸ਼ਬਦ ਵਰਤਦੇ ਸੁਣਿਆਂ। ਪਹਿਲਾਂ ਖ਼ਿਆਲ ਆਇਆ ਕਿ ਉਹ ਇਸ ਸ਼ਬਦ ਦੀ ਗ਼ਲਤ ਵਰਤੋਂ ਕਰ ਰਿਹਾ ਹੈ। ਪਰ ਪਿੱਛੋਂ ਪਤਾ ਲੱਗਾ ਕਿ 'ਯਾਨੀ ਕੇ' ਉਸ ਦਾ ਵਾਦੀ ਬੋਲ (ਤਕਿਆ ਕਲਾਮ) ਸੀ। ਸੋ ਅੱਛੇ ਵਕਤਾ ਦੀ ਵਾਦੀ ਬੋਲ ਦੀ ਢੇਰ ਵਰਤੋਂ ਸਦਾ ਹੀ ਤਕਰੀਰ ਨੂੰ ਹਾਸੋ-ਹੀਣੀ ਬਣਾ ਦੇਂਦੀ ਹੈ ਤੇ ਸਾਊ ਤੋਂ ਸਾਊ ਸਰੋਤੇ ਭੀ ਇਸ ਸੁਭਾ 'ਤੇ ਹੱਸੇ ਬਿਨਾਂ ਨਹੀਂ ਰਹਿ ਸਕਦੇ।

ਚਾਲ

ਕਾਮਯਾਬ ਬੁਲਾਰਾ ਹਮੇਸ਼ਾਂ ਤਕਰੀਰ ਦੀ ਚਾਲ ਨੂੰ ਆਪਣੇ ਕਾਬੂ ਵਿਚ ਰਖੇਗਾ, ਨਾ ਤਾਂ ਉਹ ਇਤਨਾ ਤੇਜ਼ ਹੋ ਜਾਵੇ ਕਿ ਸਰੋਤੇ ਨਾਲ ਹੀ ਨਾ ਤੁਰ ਸਕਣ, ਉਸ ਨੂੰ ਦਮ ਚੜ੍ਹ ਜਾਵੇ ਤੇ ਕਾਹਲੀ ਵਿਚ ਉਸ ਦੇ ਸ਼ਬਦ ਟੁੱਟ-ਟੁੱਟ ਪੈਣ ਅਤੇ ਨਾ ਹੀ ਇਤਨਾ ਢਿਲਾ ਬੋਲੇ ਕਿ ਸਰੋਤਿਆਂ ਦੀ ਬਿਰਤੀ ਖਿੰਡ-ਪੁੰਡ ਜਾਵੇ। ਇਕ ਵੇਰ ਇਕ ਬੜੇ ਵਿਦਵਾਨ ਲੈਕਚਰਾਰ ਕਿਸੇ ਥਾਂ ਵਿਆਖਿਆਨ ਦੇ ਰਹੇ ਸਨ, ਪਰ ਉਨ੍ਹਾਂ ਦੀ ਤਕਰੀਰ ਦੀ ਚਾਲ ਬਹੁਤ ਨਰਮ ਸੀ। ਸਰੋਤਿਆਂ ਵਿੱਚੋਂ ਇਕ ਨੌਜਵਾਨ ਵਿਦਿਆਰਥੀ ਨੇ ਕਿਹਾ, "ਆਪ ਵਿਦਵਾਨ ਤਾਂ ਬਣੇ ਹਨ; ਪਰ ਸ਼ਬਦਾਂ ਨਾਲ ਕੁਝ ਬਣ ਨਹੀਂ ਆਈ। ਇਕ ਨੂੰ ਮੂੰਹੋਂ ਕੱਢ ਕੇ ਦੂਸਰੇ ਦੀ ਮਿੰਨਤ ਕਰਦੇ ਹਨ ਕਿ ਤੂੰ ਭੀ ਨਿਕਲੀਆ।" ਇਸ ਤਰ੍ਹਾਂ ਇਹ ਵਿਦਵਾਨ ਲੈਕਚਰਾਰ ਤਕਰੀਰ ਵਿਚ ਰਵਾਨੀ ਤੋਂ ਬਿਨਾਂ ਸਰੋਤਿਆਂ ਦੀ ਨਿਗਾਹ ਵਿਚ ਮਾਣ ਪ੍ਰਾਪਤ ਨਾ ਕਰ ਸਕਿਆ। ਤਕਰੀਰ ਦੀ ਚਾਲ ਸਰਲ, ਇਕ ਰਸ ਤੇ ਬੱਝਵੀਂ ਹੋਣੀ ਚਾਹੀਦੀ ਹੈ। ਨਾਂ ਇੰਨੀ ਤਿੱਖੀ ਕਿ ਸ਼ਬਦਾਂ 'ਤੇ ਕਾਬੂ ਹੀ ਨਾ ਰਹੇ ਨਾ ਇਤਨੀ ਢਿੱਲੀ ਕਿ ਸਰੋਤਿਆਂ ਦੀ ਬਿਰਤੀ ਨੂੰ ਬੰਨ੍ਹ ਹੀ ਨਾ ਸਕੇ।

ਸ਼ਿੰਗਾਰ

ਸੰਸਾਰ ਦੀਆਂ ਹੋਰ ਖ਼ੂਬਸੂਰਤ ਚੀਜ਼ਾਂ ਵਾਂਗ ਤਕਰੀਰ ਵੀ ਸ਼ਿੰਗਾਰ ਦੀ ਲੋੜਵੰਦ ਹੈ। ਇਹ ਠੀਕ ਹੈ ਕਿ ਕਈ ਵੇਰ ਸਿਆਣਿਆਂ ਨੇ ਬਹੁਤ ਉਚੇਰੇ ਹੁਸਨ ਦੀ ਤਾਰੀਫ਼ ਕਰਦਿਆਂ ਕਿਹਾ ਹੈ ਕਿ ਉਹ ਸ਼ਿੰਗਾਰ ਦਾ ਮੁਹਤਾਜ ਨਹੀਂ, ਪਰ ਜਗਤ ਦੀ ਆਮ ਵਰਤੋਂ ਵਿਚ ਸੁੰਦਰਤਾ ਦਾ ਬੜਾ ਹਿੱਸਾ ਸ਼ਿੰਗਾਰ ਤੋਂ ਹੀ ਬਣਦਾ ਹੈ। ਵਕਤਵਯ ਦੀ ਖ਼ੂਬੀ ਵੀ ਬਹੁਤ ਕੁਝ ਸ਼ਿੰਗਾਰ ਵਿਚ ਹੀ ਬੰਦ ਹੁੰਦੀ ਹੈ। ਉਂਜ ਤਾਂ ਜਿਸ ਤਰ੍ਹਾਂ ਸਿਆਣਿਆਂ ਨੇ ਕਿਹਾ ਹੈ ਕਿ ਗਾਣਾ ਤੇ ਰੋਣ ਹਰ ਇਕ ਨੂੰ ਆਉਂਦਾ ਹੈ, ਬੋਲਣਾ ਵੀ ਇਨਸਾਨ ਦਾ ਸੁਭਾਵਕ ਗੁਣ ਹੈ। ਤੁਸੀਂ ਕਿਸੇ ਸਾਧਾਰਨ ਤੋਂ ਸਾਧਾਰਨ ਆਦਮੀ ਨੂੰ ਕੋਈ ਸਵਾਲ ਕਰ ਦਿਓ, ਉਹ ਵੀ ਜਵਾਬ ਵਿਚ ਕੁਝ ਨਾ ਕੁਝ ਕਹਿ ਦੇਵੇਗਾ, ਪਰ ਉਸ ਦੇ ਕਹਿਣ ਵਿਚ ਪ੍ਰਸ਼ਨ ਕਰਤਾ ਨੂੰ ਮਨਾਉਣ ਦਾ ਬਲ ਬਹੁਤ ਘਟ ਹੋਵੇਗਾ। ਇਹ ਬਲ ਪੈਦਾ ਕਰਨਾ ਵੀ ਵਕਤਾ ਦਾ ਕਮਾਲ ਹੈ; ਜਿਸ ਤਰ੍ਹਾਂ ਕੋਈ ਸੁੰਦਰੀ ਰਸਿਕ-ਮਨਾਂ ਨੂੰ ਕਾਬੂ ਕਰਨ ਲਈ ਸ਼ਿੰਗਾਰ ਕਰਦੀ ਹੈ, ਉਸੇ ਤਰ੍ਹਾਂ ਹੀ ਸਿਆਣਾ ਵਕਤਾ ਸਰੋਤਿਆਂ ਦੇ ਮਨ ਜਿੱਤਣ ਲਈ ਆਪਣੇ ਭਾਸ਼ਨ ਨੂੰ ਸ਼ਿੰਗਾਰਦਾ ਹੈ। ਜਿਸ ਤਰ੍ਹਾਂ ਸ਼ਿੰਗਾਰ ਦੇ ਦੋ ਵੱਡੇ ਅੰਗ ਹਨ, [੧]ਲਿਬਾਸ ਤੇ ਗਹਿਣੇ ਇਸੇ ਤਰ੍ਹਾਂ ਹੀ ਤਕਰੀਰ ਦੇ ਸ਼ਿੰਗਾਰ ਦੇ ਭੀ ਅੰਗ ਹਨ—ਵਕਤਵਯ ਵਿਚ ਮਟਕ ਤੇ ਪ੍ਰਮਾਣ। ਆਓ ਇਸ ਦੇ ਪਹਿਲੇ ਅੰਗ 'ਤੇ ਵਿਚਾਰ ਕਰੀਏ :-

ਹੋਰ ਬੋਲਣ ਵਾਲੇ ਨੂੰ ਆਪਣੀ ਬੋਲ-ਮਟਕ ਦਾ ਧਿਆਨ ਰੱਖਣਾ ਬੜਾ ਜ਼ਰੂਰੀ ਹੈ। ਇਕ ਰਸ ਬੋਲਦੇ ਚਲੇ ਜਾਣਾ ਤਕਰੀਰ 'ਤੇ ਪ੍ਰਭਾਵ ਨੂੰ ਕਮਜੋਰ ਕਰਦਾ ਹੈ। ਸਰੋਤੇ ਅਰੁਚਤ ਹੋ ਹੋ ਜਾਂਦੇ ਹਨ ਤੇ ਬਹੁਤ ਵੇਰ ਉਹ ਸੁਣ ਨਹੀਂ ਰਹੇ ਹੁੰਦੇ, ਵਕਤਾ ਆਪਣਾ ਸਿਰ ਖਪਾਈ ਜਾ ਰਿਹਾ

---

੧. ਸੋ ਗਿਆ ਬੇਦਰਦ ਸੁਨ ਕਰ ਦਾਸਤਾਨੇ ਦਰਦੋ ਗਮ,
ਮੈਂ ਨੇ ਯਿਹ ਜਾਨਾ ਵੁਹਾ ਮਾਹਵੇ ਲਜ਼ਤੇ ਤਕਰੀਰ ਹੈ।

ਹੁੰਦਾ ਹੈ। ¹ਕਿਸੇ ਕਵੀ ਨੇ ਕਿਹਾ ਹੈ, "ਉਹ ਦਿਲ ਦੇ ਦਰਦ ਦੀ ਦਾਸਤਾਨ ਸੁਣਦਾ-ਸੁਣਦਾ ਸੌਂ ਗਿਆ, ਪਰ ਮੈਂ ਇਹ ਸਮਝਦਾ ਰਿਹਾ ਕਿ ਉਹ ਤਕਰੀਰ ਦੇ ਸਵਾਦ ਵਿਚ ਮਸਤ ਹੈ।" ਵਕਤਾ ਲਈ ਸਰੋਤੇ ਨੂੰ ਜਗਾਈ ਰੱਖਣ ਮੁੱਖ ਗੱਲ ਹੈ। ਇਸ ਦੇ ਲਈ ਤਕਰੀਰ ਦੀ ਮਟਕ ਜ਼ਰੂਰੀ ਹੈ।

ਵਕਤਾ ਨੂੰ ਜਵਾਬ ਹੈ ਕਿ ਉਹ ਉਸ ਸ਼ਬਦ ਜਾਂ ਫ਼ਿਕਰੇ 'ਤੇ ਜ਼ੋਰ ਦੇ ਕੇ ਬੋਲੇ, ਜਿਸ ਵਿਚ ਉਹ ਭਾਵ ਹੋਵੇ, ਜੋ ਉਹ ਸਰੋਤਿਆਂ ਨੂੰ ਮਨਾਣਾ ਚਾਹੁੰਦਾ ਹੈ। ਖਾਸ-ਖਾਸ ਫ਼ਿਕਰਿਆਂ 'ਤੇ ਗਰਜ਼ਦਾਰ ਆਵਾਜ਼ ਨਾਲ ਜ਼ੋਰ ਦੇਣ ਵਾਲੇ ਵਕਤਾ ਕਦੇ ਵੀ ਮਜਲਸ ਵਿਚ ਸੁਸਤੀ ਪੈਦਾ ਨਹੀਂ ਹੋਣ ਦੇਣਗੇ। ਇਸ ਤਰ੍ਹਾਂ ਹੀ ਗੈਰ ਜ਼ਰੂਰੀ ਸ਼ਬਦ ਯਾ ਫ਼ਿਕਰਿਆਂ ਨੂੰ ਸਾਧਾਰਨ ਤੌਰ 'ਤੇ ਕਹਿ ਜਾਣਾ ਜ਼ਰੂਰੀ ਹੈ। ਕਈ ਅਨਜਾਣ ਬੁਲਾਰੇ ਇਸ ਨਿਯਮ ਦੀ ਵਰਤੋਂ ਖੁਣੋਂ, ਬਗੈਰ ਯਾ ਸਾਧਾਰਣ ਦੀ ਵਿਚਾਰ ਦੇ ਸਾਰੀ ਤਕਰੀਰ ਹੀ ਪੂਰੇ ਜ਼ੋਰ ਤੇ ਉੱਚੀ ਅਵਾਜ਼ ਨਾਲ ਕਰਦੇ ਹਨ, ਜਿਸ ਦਾ ਫਲ ਇਹ ਹੁੰਦਾ ਹੈ ਕਿ ਇਕ ਤਾਂ ਉਹ ਬੇਲੋੜੀ ਖੇਚਲ ਕਰ ਕੇ ਵਿਅਰਥ ਥਕ ਜਾਂਦੇ ਹਨ ਤੇ ਦੂਜੇ ਸਰੋਤਿਆਂ ਨੂੰ ਇਹ ਸਮਝਣ ਦਾ ਵੇਲਾ ਨਹੀਂ ਦੇਂਦੇ ਕਿ ਉਨ੍ਹਾਂ ਦੀ ਤਕਰੀਰ ਵਿਚ ਕਿਹੜੇ-ਕਿਹੜੇ ਨੁਕਤੇ ਖਾਸ ਧਿਆਨ ਦੇਣ ਗੋਚਰਾ ਹਨ। ਮਨੋਵਿਗਿਆਨਕ ਦ੍ਰਿਸ਼ਟੀ-ਕੋਨ ਅਨੁਸਾਰ ਸਰੋਤੇ ਦੀ ਬਿਰਤੀ ਤੇ ਵਕਤਾ ਤਕਰੀਰ ਸਮੇਂ ਆਪਣੇ ਖਿਆਲਾਂ ਦਾ ਭਾਰ ਪਾ ਰਿਹਾ ਹੁੰਦਾ ਹੈ : ਉਸ ਨੂੰ ਇਹ ਵਿਚਾਰ ਕਰ ਲੈਣੀ ਚਾਹੀਦੀ ਹੈ ਕਿ ਜ਼ਰੂਰੀ ਤੇ ਲੋੜਵੰਦੀਆਂ ਗੱਲਾਂ ਸਬੰਧੀ ਹੀ ਉਸ ਨੂੰ ਵਰਤੇ।

ਗੈਰ ਜ਼ਰੂਰੀ ਸ਼ਬਦ ਯਾ ਫ਼ਿਕਰੇ ਜਿਹੜੇ ਅਸਲ ਵਿਚ ਤਕਰੀਰ ਦਾ ਢਾਂਚਾ ਜੋੜਨ ਲਈ ਵਰਤੇ ਜਾਂਦੇ ਹਨ, ਇਸ ਤਰ੍ਹਾਂ ਸਹਿਜੇ ਬੋਲੇ ਕਿ ਉਨ੍ਹਾਂ ਦਾ ਅਸਰ ਕੰਨਾਂ ਥਾਣੀਂ ਹੋ ਕੇ ਸਰੋਤੇ ਦੀ ਮਨੋ-ਬਿਰਤੀ ਦੇ ਉਤਲੇ ਹਿੱਸੇ (Subconsious) 'ਤੇ ਹੀ ਰਹਿ ਜਾਵੇ ਤਾਂ ਜੋ ਉਸ ਦੀ ਮਨੋ-ਬਿਰਤੀ ਦਾ ਅੰਦਰਲਾ ਹਿੱਸਾ ਖਾਸ ਜ਼ਰੂਰੀ ਸ਼ਬਦਾਂ ਨੂੰ ਸੁਣ, ਉਹਨਾਂ ਦੇ ਅਰਥਾਂ 'ਤੇ ਵਿਚਾਰ ਕਰਨ ਤੇ ਭਾਵ ਨੂੰ ਮੰਨ ਲੈਣ ਲਈ ਤਤਪਰ ਰਹੇ।

ਖਾਸ ਸ਼ਬਦਾਂ ਨੂੰ ਜ਼ੋਰ ਨਾਲ ਬੋਲਣ ਤੇ ਸਾਧਾਰਨ ਨੂੰ ਸਹਿਜੇ ਕਹਿ

ਜਾਣ ਨਾਲ ਕੁਦਰਤੀ ਹੈ ਕਿ ਵਕਤਾ ਦੀ ਆਵਾਜ਼ ਕਦੀ ਉੱਚੀ ਤੇ ਕਦੀ ਨੀਵੀਂ ਹੋਵੇ, ਪਰ ਆਵਾਜ਼ ਵਿਚ ਸੁਰ ਦੀ ਇਹ ਤਬਦੀਲੀ, ਜੋ ਖਾਸ ਲੋੜ ਕਰ ਕੇ ਵਰਤਣੀ ਪੈਂਦੀ ਹੈ, ਤਕਰੀਰ ਦੀ ਮੁਢਲੀ ਸੁਰ 'ਤੇ ਵਰਤਣ ਨਹੀਂ ਦੇਣੀ ਚਾਹੀਦੀ। ਜਿਨ੍ਹਾਂ ਵਕਤਿਆਂ ਦਾ ਆਪਣੀ ਤਕਰੀਰ ਉਤੇ ਕਾਬੂ ਨਹੀਂ ਹੁੰਦਾ ਉਹ ਜੋ ਕਦੀ ਕੋਈ ਖਾਸ ਫਿਕਰਾ ਯਾ ਪ੍ਰਮਾਣ ਕੋਈ ਉੱਚੀ ਸੁਰ ਨਾਲ ਦੇਣ ਤਾਂ ਸੁਰ ਨੂੰ ਹੀ ਉਚਾ ਕਰ ਲੈਂਦੇ ਹਨ ਤੇ ਜੇ ਉਸ ਦੇ ਉਲਟ ਲੋੜ ਪਵੇ ਤਾਂ ਮੱਧਮ। ਇਸ ਕਮਜ਼ੋਰੀ ਤੋਂ ਬੜਾ ਨੁਕਸਾਨ ਹੁੰਦਾ ਹੈ। ਉਚੀ ਆਵਾਜ਼ ਨਾਲ ਵਕਤਾ ਨੂੰ ਥਕਾਵਟ ਤੇ ਮੱਧਮ ਨਾਲ ਸਰੋਤਿਆਂ ਵਿਚ ਅਰੁਚੀ ਪੈਦਾ ਹੁੰਦੀ ਹੈ। ਇਸ ਲਈ ਸਿਆਣੇ ਬੁਲਾਰੇ ਨੂੰ ਤਕਰੀਰ ਸਮੇਂ ਆਪਣੀ ਆਵਾਜ਼ ਉਸੇ ਹੀ ਸੁਰ 'ਤੇ ਕਾਇਮ ਰੱਖਣੀ ਚਾਹੀਦੀ ਹੈ ਜਿਸ 'ਤੇ ਕਿ ਉਹ ਆਮ ਹਾਲਤ ਵਿਚ ਕਰ ਰਿਹਾ ਹੋਵੇ।

ਸ਼ਬਦਾਂ ਦੇ ਉਚਾਰ ਤੇ ਆਵਾਜ਼ ਦੇ ਉਤਾਰ-ਚੜ੍ਹਾ ਬਿਨਾਂ ਤਕਰੀਰ ਦੀ ਖੂਬਸੂਰਤੀ ਵਕਤਾ ਦੇ ਮਨ ਨਾਲ ਬੜਾ ਸਬੰਧ ਰੱਖਦੀ ਹੈ। ਕਈ ਬੋਲਣ ਵਾਲੇ ਹਦੋਂ ਵੱਧ ਗੰਭੀਰਤਾ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਕਈ ਹਾਸ-ਰਸ ਤੇ ਚੰਚਲਤਾ ਦੀ ਵਧੇਰੀ ਵਰਤੋਂ। ਸਿਆਣਿਆਂ ਨੇ ਕਿਹਾ ਹੈ ਕਿ ਨੇਕੀ ਮੱਧ ਵਿਚ ਰਹਿੰਦੀ ਹੈ। ਬਾਹਲੀ ਗੰਭੀਰਤਾ ਵਕਤਾ ਦੇ ਸਰੋਤਿਆਂ ਦੇ ਦਰਮਿਆਨ ਤਾਰ ਹੀ ਨਹੀਂ ਜੁੜਨ ਦੇਂਦੀ। ਬੋਲਣ ਵਾਲੇ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਉਹ ਬੋਲਣ ਵਾਲਾ ਤਾਂ ਇਕੱਲਾ ਹੈ, ਪਰ ਸੁਣਨ ਵਾਲਿਆਂ ਦਾ ਇਕੱਠ ਹੈ। ਇਹ ਜ਼ਰੂਰੀ ਨਹੀਂ ਕਿ ਮਜ੍ਹਮੇ ਦੇ ਹਰ ਇਕ ਆਦਮੀ ਦੀ ਬੁਧੀ ਇਕੋ ਜਿਹੀ ਹੋਵੇ।

ਕੋਈ ਸਰੋਤਾ ਵਧੇਰੇ ਸਿਆਣਾ, ਕੋਈ ਮੱਧਮ ਤੇ ਘਟ ਸਮਝਦਾਰ ਭੀ ਹੋ ਸਕਦਾ ਹੈ, ਇਸ ਲਈ ਵਕਤਾ ਦੀ ਹੱਦੋਂ ਵੱਧ ਗੰਭੀਰਤਾ ਦੀ ਵਰਤੋਂ ਤੇ ਚਤੁਰਾਈ ਦੀ ਨੁਮਾਇਸ਼ ਕਰਨੀ ਲਾਭਦਾਇਕ ਨਹੀਂ ਹੋ ਸਕਦੀ। ਹਾਂ, ਵਕਤਾ ਨੂੰ ਆਪਣਾ ਨਿਸਚਾ ਤੇ ਉਤਸ਼ਾਹ ਜਿਥੋਂ ਤਕ ਹੋ ਸਕੇ, ਸ਼ਬਦਾਂ ਵਿਚ ਪ੍ਰਗਟ ਕਰਨਾ ਚਾਹੀਦਾ ਹੈ। ਅਸਲ ਵਿਚ ਇਹ ਵਕਤਾ

ਦਾ ਉਤਸ਼ਾਹ ਹੀ ਹੈ, ਜੋ ਸਰੋਤਿਆਂ ਵਿਚ ਦਿਲਚਸਪੀ ਪੈਦਾ ਕਰਦਾ ਹੈ ਤੇ ਇਹ ਉਸ ਦਾ ਨਿਸਚਾ ਹੀ ਹੈ, ਜੋ ਆਪਣੀ ਗੱਲ ਦੂਸਰਿਆਂ ਨੂੰ ਮਨਾ ਸਕਦਾ ਹੈ। ਭਾਵੇਂ ਕੋਈ ਬੋਲਣ ਵਾਲਾ 'ਸੋਹਣੇ ਤੋਂ ਸੋਹਣੇ ਸ਼ਬਦ ਭੀ ਕਿਉਂ ਨਾ ਵਰਤੇ ਪਰ ਜੇ ਉਸ ਦੀ ਤਕਰੀਰ ਦੇ ਮਗਰ ਉਸ ਦਾ ਨਿਸਚਾ ਖੜ੍ਹੋਤਾ ਹੋਵੇਗਾ, ਉਹ ਸਰੋਤਿਆਂ ਤੇ ਖਾਸ ਅਸਰ ਨਹੀਂ ਪਾਵੇਗੀ। ਅਸਲ ਵਿਚ ਤਕਰੀਰ ਦੇ ਪਿਛਲੇ ਬੰਨੇ ਸ਼ਬਦਾਂ ਦਾ ਅਸਰ, ਅਸਰ ਨਹੀਂ ਹੁੰਦਾ, ਬੋਲਣ ਵਾਲੇ ਦੀ ਰੂਹ ਦਾ ਹੁੰਦਾ ਹੈ।

ਇਸੇ ਤਰ੍ਹਾਂ ਹੀ ਜ਼ਿਆਦਾ ਹਾਸ-ਰਸ ਭਰੀ ਤੇ ਚੰਚਲ ਤਕਰੀਰ ਵੀ ਖਾਸ ਫਾਇਦੇਮੰਦ ਨਹੀਂ ਹੋ ਸਕਦੀ। ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਵਕਤਾ ਨੂੰ ਲਗਦੇ ਵਾਹ ਹੱਸਮੁਖ ਤੇ ਖੇੜੇ ਵਾਲਾ ਹੋਣਾ ਚਾਹੀਦਾ ਹੈ, ਪਰ ਇਹ ਬਸ਼ਾਸ਼ਤ ਤੇ ਖੇੜਾ ਰਹਿਣਾ ਸੰਜਮ ਵਿਚ ਚਾਹੀਦਾ ਹੈ। ਨਿਰਾ ਪੁਰਾ ਵਕਤ ਟਪਾਉਣ ਲਈ ਕੀਤੀ ਜਾਣ ਵਾਲੀ ਤਕਰੀਰ ਤਾਂ ਢਕੌਂਚੀਆਂ ਤੇ ਹਾਸੇ-ਠੱਠੇ ਦਾ ਇਕੱਠ ਹੋ ਸਕਦੀ ਹੈ, ਜੇਹਾ ਕਿ ਮੇਲਿਆਂ 'ਤੇ ਛੋਟੀਆਂ ਛੋਟੀਆਂ ਕੰਪਨੀਆਂ ਤੇ ਸਰਕਸਾਂ ਦੇ ਤਮਾਸ਼ੇ ਦੇ ਵਲਗਨ ਵਿਚ ਇਕੱਠੇ ਕੀਤੇ ਹੋਏ ਆਦਮੀਆਂ ਨੂੰ ਵਲਗਨ ਦੇ ਭਰਣ ਤਕ ਪ੍ਰਚਾਈ ਰੱਖਣ ਲਈ ਜਿਵੇਂ ਕਰਦੇ ਹਨ। ਏਸੇ ਤਰ੍ਹਾਂ ਹੀ ਚੰਚਲ ਫ਼ਿਕਰਿਆਂ ਦੇ ਪ੍ਰਵਾਹ ਤੋਂ ਬਣੀ ਹੋਈ ਤਕਰੀਰ ਰੇਲ ਗੱਡੀਆਂ ਵਿਚ ਨਕਲੀ ਦਵਾਈਆਂ ਵੇਚਣ ਤੇ ਵੱਡੀਆਂ-ਵੱਡੀਆਂ ਸੜਕਾਂ 'ਤੇ ਅਡੋਲ ਜਾਂਦੇ ਪਾਂਧੀਆਂ ਨੂੰ ਜੋਤਸ਼ ਲਾ ਪ੍ਰਸ਼ਨਾਂ ਦੇ ਜਵਾਬ ਦੇ ਪੈਸੇ ਬਟੋਰਨ ਦੇ ਕੰਮ ਤਾਂ ਆ ਸਕਦੀ ਹੈ, ਪਰ ਇਹ ਤਕਰੀਰਾਂ ਮਨੁੱਖਤਾ ਦੇ ਨੀਵੇਂ ਦਰਜੇ ਵਿਚ ਹੀ ਕੀਤੀਆਂ ਤੇ ਅਨਜਾਣ ਤਬਕੇ ਵਿਚ ਹੀ ਸੁਣੀਆਂ ਜਾਂਦੀਆਂ ਹਨ। ਅਸੀਂ ਕਈ ਐਸੇ ਅਨਜਾਣ ਵਕਤਾ ਭੀ ਦੇਖੇ ਹਨ, ਜੋ ਸੰਗਤ ਦੇ ਇਕੱਠਾਂ ਵਿਚ ਧਰਮ ਸਬੰਧੀ ਤਕਰੀਰਾਂ ਹਾਸ-ਰਸ ਤੇ ਚੰਚਲਤਾ ਦੇ ਆਧਾਰ 'ਤੇ ਕਹਿੰਦੇ ਹਨ। ਉਹ ਲੋਕਾਂ ਨੂੰ ਹਸਾਂਦੇ ਤੇ ਚੰਚਲ ਚਿੱਤ ਨੌਜਵਾਨਾਂ ਵੱਲੋਂ ਫਿਰ ਤਕਰੀਰ ਕਰਨ ਦੀ ਮੰਗ ਕਰਨ ਨੂੰ ਆਪਣੀ ਸਫਲਤਾ ਸਮਝਦੇ ਹਨ ਪਰ ਇਹ ਗੱਲ ਹੈ ਨਿਰਮੂਲ। ਧਰਮ ਦੇ ਖ਼ਿਆਲਾਂ ਦੀ ਉਸਾਰੀ ਹਾਸ-ਰਸ

ਤੇ ਚੰਚਲਤਾ ਦੀ ਬੁਨਿਆਦ 'ਤੇ ਨਹੀਂ ਕੀਤੀ ਜਾ ਸਕਦੀ। ਉਸ ਦੀਆਂ ਮਜ਼ਬੂਤ ਕੰਧਾਂ ਹਮੇਸ਼ਾਂ ਹੀ ਵੈਰਾਗ, ਬੀਰਤਾ ਤੇ ਗੰਭੀਰਤਾ ਦੀਆਂ ਚਟਾਨਾਂ 'ਤੇ ਉਸਾਰੀਆਂ ਜਾ ਸਕਦੀਆਂ ਹਨ।

ਅਜਿਹੇ ਬੁਲਾਰਿਆਂ ਦਾ ਇਹ ਖ਼ਿਆਲ ਭੀ ਗਲਤ ਹੁੰਦਾ ਹੈ ਕਿ ਧਾਰਮਿਕ ਸਭਾਵਾਂ ਵਿਚ ਜੁੜੇ ਹੋਏ ਸਰੋਤੇ ਉਨ੍ਹਾਂ ਦੀ ਦਿਲੋਂ ਇੱਜ਼ਤ ਕਰਦੇ ਹਨ। ਅਸਲ ਵਿਚ ਕਈ ਤਾਂ ਉਨ੍ਹਾਂ ਨੂੰ ਇਕੱਠ ਦੇ ਵਧਾਉਣ ਦੇ ਖਿਆਲ ਨਾਲ ਬੁਲਾਉਂਦੇ ਹਨ ਤੇ ਕਈ ਦੋ ਘੜੀ ਦਾ ਸ਼ੁਗਲ ਸਮਝ ਕੇ। ਇਕ ਵੇਰ ਸਾਡੇ ਸਾਹਮਣੇ ਇਕ ਮਸ਼ਹੂਰ ਸਿੱਖ ਪ੍ਰਚਾਰਕ, ਜੋ ਹਾਸ-ਰਸ ਦੇ ਆਸਰੇ ਪ੍ਰਚਾਰ ਕਰਦਾ ਸੀ। ਸਭਾ ਨੂੰ ਹੋਲੀਆਂ ਸਮੇਂ ਵੇਸਵਾਵਾਂ ਤੇ ਨਕਲੀਆਂ ਨੂੰ ਸੱਦਣ ਤੋਂ ਮਨ੍ਹਾਂ ਕਰ ਰਿਹਾ ਸੀ। ਜਦ ਉਸ ਨੇ ਨਕਲੀਆਂ ਦਾ ਖੰਡਨ ਸ਼ੁਰੂ ਕੀਤਾ, ਤਾਂ ਸਭਾ ਵਿੱਚੋਂ ਇਕ ਆਦਮੀ ਨੇ ਉੱਚੀ ਆਵਾਜ਼ ਨਾਲ ਕਿਹਾ, "ਭਾਈ ਜੀ ਉਹ ਤੇਰੇ ਨਾਲੋਂ ਮਾੜੇ ਨਹੀਂ ਹੁੰਦੇ, ਨਕਲਾਂ ਤੈਥੋਂ ਵਧ ਕਰਦੇ ਤੇ ਪੈਸੇ ਤੈਥੋਂ ਘਟ ਲੈਂਦੇ ਹਨ।"

ਹਾਸ-ਰਸ ਤੇ ਚੰਚਲਤਾ ਨਿਰੀ ਧਾਰਮਿਕ ਸਭਾਵਾਂ ਵਿਚ ਹੀ ਅਸਫਲ ਨਹੀਂ ਹੁੰਦੀ, ਸਗੋਂ ਹਰ ਉਸ ਇਕੱਠਾਂ ਵਿਚ ਜੋ ਕਿਸੇ ਗੰਭੀਰ ਵਿਸ਼ੇ 'ਤੇ ਵਿਚਾਰ ਕਰਨ ਲਈ ਇਕੱਠਾ ਹੋਇਆ ਹੋਵੇ ਤ੍ਰਿਸਕਾਰੀ ਜਾਂਦੀ ਹੈ। ਹਾਂ, ਨੌਜਵਾਨ ਤੇ ਅੱਲੜ੍ਹ ਮੁੰਡਿਆਂ, ਕੁੜੀਆਂ ਦੀਆਂ ਸਭਾਵਾਂ ਵਿਚ ਭਾਵੇਂ ਕੁਝ ਪਸੰਦ ਕੀਤਾ ਜਾਵੇ। ਹੋਰ ਥਾਂ ਕਿਤੇ ਇਸ ਨੂੰ ਜਗ੍ਹਾ ਨਹੀਂ। ਕਈ ਅਨਜਾਣ ਬੁਲਾਰੇ ਇਸ ਨੂੰ ਬਹਿਸ ਵਿਚ ਜ਼ਿਆਦਾ ਵਰਤਦੇ ਹਨ, ਪਰ ਮਜ਼ਮੇ ਵਿੱਚੋਂ ਅੱਲੜ ਤੇ ਅਨਜਾਣ ਸਰੋਤੇ ਭਾਵੇਂ ਇਸ ਦੇ ਵਹਿਣ ਵਿਚ ਵਹਿ ਜਾਣ 'ਤੇ ਭਾਵੇਂ ਪਏ ਪ੍ਰਸੰਸਾ ਕਰਨ, ਪਰ ਚਤੁਰ ਤੇ ਗੰਭੀਰ ਸਰੋਤਿਆਂ 'ਤੇ ਇਸ ਦਾ ਕੋਈ ਅਸਰ ਨਹੀਂ ਪੈਂਦਾ।

ਉਹ ਤਾਂ ਵਾਕਿਆਤ ਦੀ ਸਚਾਈ ਨੂੰ ਦੇਖਦੇ ਤੇ ਬਲ ਨੂੰ ਪਰਖ ਦੇ ਹਨ। [੨]ਸਾਅਦੀ ਦਾ ਕੌਲ ਹੈ, "ਦਲੀਲਾਂ ਜ਼ੋਰ ਵਾਲੀਆਂ ਹੋਣੀਆਂ

---

੨. ਦਲਾਇਲ ਕਵੀ, ਬਾਇਦੇ ਮਾਹਰਵੀ,
ਨ ਰਗ ਹਾਏ ਗਰਦਨ ਬਹੁਜਤ ਕਵੀ।

ਚਾਹੀਦੀਆਂ ਹਨ, ਐਵੇਂ ਹੁਜਤਾਂ ਕਰਨ ਤੇ ਗਰਦਨ ਦੀਆਂ ਰਗਾਂ ਫੁਲਾਉਣ ਦਾ ਕੋਈ ਫਾਇਦਾ ਨਹੀਂ।" ਸੋ ਵਕਤਾ ਨੂੰ ਜਿਥੇ ਆਪਣੀ ਤਕਰੀਰ ਵਿਚ ਇਤਨਾ ਗੰਭੀਰ ਨਹੀਂ ਹੋਣਾ ਚਾਹੀਦਾ ਹੈ ਕਿ ਉਹ ਫਿੱਕਾ ਪੈ ਜਾਵੇ, ਉਥੇ ਇਤਨਾ ਹਾਸ-ਰਸ ਪੂਰਤ ਭੀ ਨਹੀਂ ਹੋਣਾ ਚਾਹੀਦਾ ਕਿ ਉਹ ਹਾਸੋ-ਹੀਣਾ ਹੋ ਜਾਵੇ ਅਤੇ ਨਾ ਇਤਨਾ ਚੰਚਲ ਕਿ ਲੋਕ ਉਸ ਨੂੰ ਗੰਭੀਰਤਾ ਨਾਲ ਸੁਣਨ ਹੀ ਨਾ।

ਵਕਤਾ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਉਹ ਆਪਣੀ ਤਕਰੀਰ ਵਿਚ ਕਈ ਰਸ ਆਪਣੇ ਮਤਲਬ ਲਈ ਸਰੋਤਿਆਂ ਵਿਚ ਥਾਂ ਪਰ ਥਾਂ ਪੈਦਾ ਕਰਨ 'ਤੇ ਮਜ਼ਬੂਰ ਹੋਵੇਗਾ, ਕਦੀ ਬੀਰ। ਕਦੀ ਕਰੁਣਾ, ਕਦੀ ਹਾਸ ਤੇ ਕਦੀ ਗਿਲਾਨੀ। ਸਾਡੇ ਗੁਲਾਮ ਦੇਸ਼ ਦੀ ਜਨਤਾ ਦੇ ਸਾਹਮਣੇ ਆਮ ਤੌਰ 'ਤੇ ਜੋ ਤਕਰੀਰਾਂ ਕਰਨੀਆਂ ਪੈਂਦੀਆਂ ਹਨ, ਉਨ੍ਹਾਂ ਵਿਚ ਬੀਰਤਾ ਤੇ ਗਿਲਾਨੀ ਦਾ ਆਮ ਵਰਤਾਰਾ ਹੁੰਦਾ ਹੈ, ਅਜ਼ਾਦੀ ਦੀ ਹਿੰਮਤ ਕਰਨ ਵਾਸਤੇ ਬੀਰਤਾ ਦੀ ਪ੍ਰੇਰਨਾ ਤੇ ਗੁਲਾਮੀ ਵੱਲੋਂ ਉਪਰਾਮ ਕਰਨ ਲਈ ਪ੍ਰਾਧੀਨਤਾ ਦੇ ਜੀਵਨ ਵੱਲੋਂ ਗਿਲਾਨੀ ਦਾ ਜਜ਼ਬਾ ਪੈਦਾ ਕਰਨਾ, ਸਾਡੇ ਦੇਸ਼ ਦੇ ਬੁਲਾਰਿਆਂ ਦਾ ਆਮ ਕੰਮ ਹੈ। ਇਸੇ ਤਰ੍ਹਾਂ ਹੀ ਰਾਜਨੀਤਕ ਸਭਾਵਾਂ ਵਿਚ ਗੰਭੀਰਤਾ, ਵਿਹਾਰਕ ਮੁਆਮਲਿਆਂ 'ਤੇ ਬੋਲਣ ਸਮੇਂ ਚਤੁਰਤਾ ਤੇ ਧਾਰਮਿਕ ਇਕੱਠਾਂ ਵਿਚ ਵੈਰਾਗ ਅਤੇ ਕੁਰਬਾਨੀ ਉੱਤੇ ਵਿਸ਼ੇਸ਼ ਜ਼ੋਰ ਦੇਣਾ ਪੈਂਦਾ ਹੈ। ਭਾਵੇਂ ਇਹ ਜਜ਼ਬੇ ਬੋਲਾਂ ਰਾਹੀਂ ਲੋਕਾਂ ਦੇ ਸਾਹਮਣੇ ਰੱਖੇ ਜਾਂਦੇ ਹਨ ਪਰ ਇਨ੍ਹਾਂ ਵਿੱਚੋਂ ਹਰ ਇਕ ਦਾ ਅਸਰ ਵਿਖਾਣ ਲਈ ਵਕਤਾ ਦੇ ਚਿਹਰੇ, ਆਵਾਜ਼ ਤੇ ਬਤਾਵਿਆਂ ਵਿਚ ਖ਼ਾਸ ਕਿਸਮ ਦਾ ਅਸਰ ਪ੍ਰਗਟ ਹੋਣਾ ਜ਼ਰੂਰੀ ਹੈ।

ਕੋਈ ਵਕਤਾ ਭੀ ਮੁਸਕ੍ਰਾਂਦਾ ਹੋਇਆ ਵੈਰਾਗ ਤੇ ਬ੍ਰਿਹਾ-ਰਸ ਦਾ ਸਫਲ ਬਿਆਨ ਨਹੀਂ ਕਰਦਾ। ਸੱਜਲ ਨੈਣ, ਉਸ ਦਾ ਚਿਹਰਾ ਗੰਭੀਰ ਪਰ ਹੌਲੀ ਆਵਾਜ਼ ਹੀ ਵੈਰਾਗ ਤੇ ਕਰੁਣਾ-ਰਸ ਦਾ ਪ੍ਰਭਾਵਸ਼ਾਲੀ ਬਿਆਨ ਕਰ ਸਕਦੀ ਹੈ। ਇਸੇ ਤਰ੍ਹਾਂ ਹੀ ਸੁਰਖ ਚਿਹਰਾ, ਚਮਕੀਲੀਆਂ ਅੱਖਾਂ, ਗਰਦਾਰ ਆਵਾਜ਼ ਤੇ ਬਾਹਵਾਂ ਦੀ ਤੇਜ਼ ਹਰਕਤ ਬੀਰ ਦਾ ਪ੍ਰਕਾਸ਼

ਕਰ ਸਕਦੀ ਹੈ। ਸੋ ਇਕ ਸਿਆਣੇ ਵਕਤਾ ਨੂੰ ਇਨ੍ਹਾਂ ਗੱਲਾਂ ਦਾ ਖ਼ਿਆਲ ਰੱਖਣਾ ਬੜਾ ਜ਼ਰੂਰੀ ਹੈ ਕਿ ਉਹ ਹਰ ਰਸ, ਜਿਹੜਾ ਉਹ ਤਕਰੀਰ ਰਾਹੀਂ ਸਰੋਤਿਆਂ ਨੂੰ ਦੇਣਾ ਚਾਹੁੰਦਾ ਹੈ, ਸਿਰਫ ਉਸ ਦੇ ਸ਼ਬਦਾਂ ਵਿੱਚੋਂ ਹੀ ਪ੍ਰਗਟ ਨਾ ਹੋਵੇ, ਸਗੋਂ ਤਕਰੀਰ ਸਮੇਂ ਉਸ ਦੇ ਚਿਹਰੇ, ਇਸ਼ਾਰੇ ਤੇ ਹਰ ਬਤਾਵੇਂ ਵਿੱਚੋਂ ਫੁੱਟ ਪਵੇ।

ਪ੍ਰਮਾਣ—ਵਕਤਾ ਨੇ ਹਰ ਤਕਰੀਰ ਸਮੇਂ ਕੁਝ ਨਾ ਕੁਝ ਮੰਨਵਾਣਾ ਹੁੰਦਾ ਹੈ ਅਤੇ ਉਸ ਦਾ ਤੇ ਸਰੋਤੇ ਦਾ ਮਾਨਸਿਕ ਸਬੰਧ ਹੀ ਐਸਾ ਹੁੰਦਾ ਹੈ ਕਿ ਕਾਮਯਾਬ ਬੋਲਣ ਵਾਲਾ, ਜੋ ਕੁਝ ਕਹੇ ਉਹੋ ਕੁਝ ਸਰੋਤਾ ਮੰਨਦਾ ਜਾਵੇ ਪਰ ਕੁਝ ਇਕ ਗੱਲਾਂ ਦਰਮਿਆਨ ਐਸੀਆਂ ਆ ਖੜੋਂਦੀਆਂ ਹਨ ਕਿ ਸਰੋਤੇ ਨੂੰ ਵਕਤਾ ਦੀ ਪੂਰੀ ਪੈਰਵੀ ਨਹੀਂ ਕਰਨ ਦੇਂਦੀਆਂ। ਉਨ੍ਹਾਂ ਦੀਆਂ ਮੋਟੀਆਂ ਤਿੰਨ ਕਿਸਮਾਂ ਹਨ—ਮਨੋਰੁਚੀ, ਬੁੱਧ ਤੇ ਨਿਸਚਾ। ਇਨ੍ਹਾਂ ਤਿੰਨਾਂ ਦਾ ਸਰੋਤੇ ਦੇ ਮਨ 'ਤੇ ਪਹਿਲਾਂ ਕਬਜ਼ਾ ਹੁੰਦਾ ਹੈ ਤੇ ਵਕਤਾ ਲਈ ਜ਼ਰੂਰੀ ਹੈ ਕਿ ਜਿਸ ਤਰ੍ਹਾਂ ਭੀ ਹੋ ਸਕੇ ਸਰੋਤੇ ਦੇ ਇਨ੍ਹਾਂ ਤਿੰਨਾਂ ਹੀ ਮਾਨਸਿਕ ਅੰਗਾਂ ਦੀ ਤਸੱਲੀ ਕਰ ਕੇ ਉਸ ਦੀ ਮੁਰਤ ਨੂੰ ਆਪਣੇ ਵੱਲ ਖਿੱਚ ਲਵੇ। ਜਦ ਤਕ ਉਹ ਅਜਿਹਾ ਨਹੀਂ ਕਰਦਾ। ਉਹ ਸਰੋਤੇ ਨੂੰ ਆਪਣੀ ਗੱਲ ਮੰਨਵਾ ਨਹੀਂ ਸਕਦਾ ਤੇ ਆਦਰਸ਼ ਵਿਚ ਉਸ ਨੂੰ ਸਫਲਤਾ ਨਹੀਂ ਹੁੰਦੀ।

ਵਕਤਾ ਲਈ ਤਕਰੀਰ ਵਿਚ ਅਜਿਹਾ ਰਸ ਭਰਨਾ ਜ਼ਰੂਰੀ ਹੈ ਕਿ ਜਿਸ ਵਿਚ ਰੁਚਤ ਹੋ ਕੇ ਸਰੋਤਾ ਮਨ ਦੀਆਂ ਪਹਿਲੀਆਂ ਰੁਚੀਆਂ ਭੁੱਲ ਜਾਵੇ। ਇਸੇ ਤਰ੍ਹਾਂ ਹੀ ਉਸ ਦੀ ਦਲੀਲ ਵਿਚ ਇੰਨਾਂ ਬਲ ਹੋਣਾ ਚਾਹੀਦਾ ਹੈ ਕਿ ਉਹ ਵਿਸ਼ੇਸ਼ ਮਸਲਾ, ਜੋ ਸਰੋਤੇ ਨੂੰ ਸਮਝਾ ਰਿਹਾ ਹੈ, ਉਸ ਨੂੰ ਪਹਿਲੀ ਨਾਲੋਂ ਵਧੇਰੇ ਬੁੱਧੀ ਦੇ ਅਨੁਕੂਲ ਜਾਪੇ। ਇਸ ਤਰ੍ਹਾਂ ਹੀ ਨਿਸਚੇ ਸਬੰਧੀ ਉਸ ਨੂੰ ਅਜਿਹੇ ਪ੍ਰਮਾਣ (Air Rority) ਬੋਲਣੇ ਚਾਹੀਦੇ ਹਨ, ਜਿਨ੍ਹਾਂ ਨੂੰ ਸੁਣ ਕੇ ਸਰੋਤੇ ਦਾ ਨਿਸਚਾ ਸਿਰ ਝੁਕਾ ਦੇਵੇ। ਆਓ, ਇਨ੍ਹਾਂ ਤਿੰਨਾਂ ਅੰਗਾਂ ਦੀ ਵਿਸਥਾਰ ਨਾਲ ਵਿਚਾਰ ਕਰੀਏ।

ਤਕਰੀਰ ਨੂੰ ਰੋਚਕ ਬਨਾਣਾ ਪਹਿਲੀ ਗੱਲ ਹੈ। ਜਿਸ ਵਕਤਾ ਦੀ

ਤਕਰੀਰ ਦਿਲਚਸਪ ਨਹੀਂ ਹੋਵੇਗੀ, ਉਸ ਵਿਚ ਸਰੋਤੇ ਕਦੀ ਭੀ ਧਿਆਨ ਨਹੀਂ ਦੇ ਸਕਣਗੇ। ਕੁਝ ਛੇਤੀ ਉਠ ਜਾਣਗੇ, ਕੁਝ ਗੱਲੀਂ ਪੈ ਜਾਣਗੇ ਤੇ ਬਾਕੀ ਰਹਿੰਦੇ ਆਪਣੇ ਖ਼ਿਆਲਾਂ ਦੇ ਵਹਿਣ ਵਿਚ ਰੁੜੇ, ਸਾਹਮਣੇ ਬੈਠੇ ਭੀ ਗ਼ੈਰ ਹਾਜ਼ਰ ਰਹਿਣਗੇ। ਤਕਰੀਰ ਨੂੰ ਰੋਚਕ ਬਨਾਣ ਵਾਸਤੇ ਅੱਡੋ-ਅੱਡ ਮਜਲਸਾਂ ਵਿਚ ਅੱਡ-ਅੱਡ ਸਾਧਨਾਂ ਤੋਂ ਕੰਮ ਲੈਣਾ ਪੈਂਦਾ ਹੈ। ਵਕਤਾ ਦੀ ਸਿਆਣਪ ਇਸੇ ਵਿਚ ਹੈ ਕਿ ਉਹ ਸਟੇਜ 'ਤੇ ਆਉਂਦਾ ਹੀ ਪਹਿਲੇ ਅਪਣੇ ਸਰੋਤਿਆਂ ਦੀ ਮਾਨਸਿਕ ਅਵਸਥਾ ਨੂੰ ਤਾੜ ਜਾਵੇ। ਜਿਸ ਕਿਸਮ ਦਾ ਇਕੱਠ ਉਸ ਦੇ ਸਾਹਮਣੇ ਹੋਵੇ, ਉਸ ਦੀ ਰੁਚੀ ਅਨੁਸਾਰ ਆਪਣੀ ਤਕਰੀਰ ਨੂੰ ਢਾਲੇ, ਜਿਹਾ ਕਿ ਸਰਬ ਸਾਧਾਰਨ ਪੇਂਡੂ ਜਨਤਾ ਦੇ ਸਾਹਮਣੇ ਕੋਈ ਅਸਚਰਜ ਜਨਮ ਸਾਖੀ ਬਿਆਨ ਕਰਨਾ, "ਨੌਜਵਾਨ ਤੇ ਅਲੱੜ੍ਹ ਮੁੰਡੇ, ਕੁੜੀਆਂ ਦੇ ਇਕੱਠ ਸਾਹਮਣੇ ਹਾਸ ਭਰੀ ਵਾਰਤਾ ਜਾ ਪਿਆਰ ਭਰੀ ਕਵਿਤਾ ਕਹਿਣੀ, ਧਾਰਮਿਕ ਇਕੱਠਾਂ ਦੇ ਸਾਹਮਣੇ ਧਰਮ ਪੁਸਤਕਾਂ ਦੇ ਹੁਕਮ ਜਾ ਧਾਰਮਿਕ ਆਗੂਆਂ ਦੇ ਜੀਵਨ ਦੀ ਕੋਈ ਘਟਨਾ ਬਿਆਨ ਕਰਨੀ।

ਅਸਲ ਵਿਚ ਤਕਰੀਰ ਦੀ ਕਾਮਯਾਬੀ ਦਾ ਭੇਦ ਵਕਤਾ ਦਾ ਆਪੇ ਸਾਹਮਣੇ ਬੈਠੇ ਇਕੱਠ ਨੂੰ ਪਹਿਲੀ ਨਿਗਾਹ ਨਾਲ ਪੜ੍ਹ ਜਾਣ ਵਿਚ ਹੀ ਬਦ ਹੈ। ਭਾਵੇਂ ਉਸ ਨੂੰ ਇਹ ਸਹੂਲਤ ਭੀ ਹੈ ਕਿ ਉਹ ਤਕਰੀਰ ਦੇ ਨਾਲ-ਨਾਲ ਮਜ਼ਮੇ ਨੂੰ ਤਕਦਾ ਤੇ ਉਸ ਦੀਆਂ ਰੁਚੀਆਂ ਨੂੰ ਸਮਝਦਾ ਹੋਇਆ, ਤਕਰੀਰ ਦਾ ਕਾਂਟਾ ਫੇਰਦਾ ਜਾਵੇ, ਪਰ ਪਹਿਲਾ ਅੰਦਾਜ਼ਾ ਬੜਾ ਵਜ਼ਨ ਰੱਖਦਾ ਹੈ। ਕਿਸੇ ਲਿਖਾਰੀ ਨੇ ਲਿਖਾਰੀ ਤੇ ਵਕਤਾ ਦਾ ਮੁਕਾਬਲਾ ਕਰਦੇ ਲਿਖਿਆ ਹੈ ਕਿ ਜੋ ਸਹੂਲਤਾਂ ਵਕਤਾ ਨੂੰ ਪ੍ਰਾਪਤ ਹਨ, ਉਹ ਲਿਖਾਰੀ ਨੂੰ ਨਹੀਂ। ਲਿਖਾਰੀ ਘਰ ਬੈਠ ਸੋਚ ਸਮਝ ਕੇ ਜੋ ਕੁਝ ਲਿਖਦਾ ਹੈ, ਉਹ ਪੜ੍ਹਨ ਵਾਲਿਆਂ ਤਕ ਪਹੁੰਚਾ ਦੇਂਦਾ ਹੈ। ਉਹ ਆਪਣੀ ਲਿਖਤ ਤੇ ਪਾਠਕਾਂ ਦੇ ਕੋਲ ਨਹੀਂ ਪਹੁੰਚ ਸਕਦਾ, ਨਾ ਹੀ ਉਸ ਦੀ ਲਿਖਤ ਪੜ੍ਹਨ ਸਮੇਂ ਜੋ ਅਸਰ ਪਾਠਕਾਂ 'ਤੇ ਪੈਂਦਾ ਹੈ ਤੇ ਉਸ ਨੂੰ ਵੇਖ ਸਕਦਾ ਹੈ ਤੇ ਨਾ ਹੀ ਪਾਠਕ ਦੇ ਪੜ੍ਹਦਿਆਂ ਲਿਖਤ ਦੀ ਧਾਰਾ ਬਦਲ ਕੇ ਪਾਠਕ

ਦੇ ਉਪਰਾਮ ਮਨ ਵਿਚ ਰੁਚੀ ਪੈਦਾ ਕਰ ਸਕਦਾ ਹੈ।

ਪਰ ਇਕ ਵਕਤਾ ਨੂੰ ਇਹ ਤਮਾਮ ਸਹੂਲਤਾਂ ਪ੍ਰਾਪਤ ਹਨ। [੨]ਉਹ ਤਕਰੀਰ ਸਮੇਂ ਆਪਣੇ ਸਰੋਤਿਆਂ ਨੂੰ ਸਾਹਮਣੇ ਦੇਖਦਾ ਹੈ। ਉਹ ਉਨ੍ਹਾਂ ਦੀ ਤਬੀਅਤ ਨੂੰ ਤਕਰੀਰ ਵੱਲ ਜੁੜਦੀਆਂ ਜਾ ਉਪਰਾਮ ਹੁੰਦਿਆਂ ਭੀ ਦੇਖਦਾ ਹੈ ਤੇ ਮਜ਼ਮੇ ਨੂੰ ਉਪਰਾਮ ਹੁੰਦਾ ਵੇਖ ਆਪਣੇ ਵੱਲ ਜੋੜਨ ਦੇ ਵਿਸ਼ੇਸ਼ ਸਾਧਨ ਭੀ ਵੇਲੇ ਸਿਰ ਵਰਤ ਸਕਦਾ ਹੈ। ਇਹ ਗੱਲ ਸੋਲਾਂ ਆਨੇ ਠੀਕ ਹੈ ਤੇ ਵਕਤਾ ਨੂੰ ਇਨ੍ਹਾਂ ਸਹੂਲਤਾਂ ਤੋਂ ਲਾਭ ਉਠਾਣਾ ਚਾਹੀਦਾ ਹੈ। ਉਹ ਆਪਣੀ ਤਕਰੀਰ ਨੂੰ ਵਧ ਤੋਂ ਵਧ ਦਿਲਚਸਪ ਬਨਾਣ ਦਾ ਯਤਨ ਕਰੇ। ਭਾਵੇਂ ਸਾਡੇ ਪਿੱਛੇ ਦੱਸੇ ਅਨੁਸਾਰ ਕਿਸੇ ਤਕਰੀਰ ਵਿਚ ਰੁਚੀ ਸਰੋਤਿਆਂ ਦੀ ਮਾਨਸਿਕ ਅਵਸਥਾ ਅਨੁਸਾਰ ਅੱਡੋ-ਅੱਡ ਸਾਧਨਾ ਅਨੁਸਾਰ ਕਰਾਈ ਜਾ ਸਕਦੀ ਹੈ, ਪਰ ਫਿਰ ਭੀ ਸਾਖੀ ਤੇ ਕਵਿਤਾ ਦੋ ਅਜਿਹੇ ਸਾਧਨ ਹਨ। ਜੋ ਅਮਨੁੱਖ ਦੀ ਸਾਧਾਰਨ ਬੁੱਧੀ ਨੂੰ ਆਪਣੇ ਵੱਲ ਖਿੱਚਦੇ ਹਨ।

ਸਾਖੀ ਸੁਨਾਣ ਸਮੇਂ ਇਹ ਖ਼ਿਆਲ ਰੱਖਣਾ ਜ਼ਰੂਰੀ ਹੈ ਕਿ ਉਹ ਭਾਵ-ਪੂਰਤ ਪਰ ਮੁਖਤਸਰ ਹੋਵੇ। ਲੰਬੀ ਸਾਖੀ ਤਕਰੀਰ ਦੀ ਰੂਹ ਨੂੰ ਆਪਣੇ ਵਿਚ ਸਮੇਟ ਕੇ ਖ਼ਤਮ ਕਰ ਦੇਂਦੀ ਹੈ। ਵਕਤਾ ਕੋਲ ਅਸਲੀ ਗੱਲ ਕਰਨ ਦਾ ਵਕਤ ਬਹੁਤ ਘਟ ਰਹਿ ਜਾਂਦਾ ਹੈ, ਇਸ ਲਈ ਜਿਥੋਂ ਤਕ ਹੋ ਸਕੇ, ਸਾਖੀ ਛੋਟੀ ਤੋਂ ਛੋਟੀ ਤੇ ਭਾਵ ਪੂਰਤ ਹੋਵੇ। ਕਈ ਵੇਰ ਇਹ ਭੀ ਹੁੰਦਾ ਹੈ ਕਿ ਸਾਖੀ ਦਾ ਕੋਈ ਇਕ ਅੰਗ ਵਕਤਾ ਦੀ ਤਕਰੀਰ ਦੀ ਪੁਸ਼ਟੀ ਲਈ ਵਰਤਿਆ ਜਾ ਸਕਦਾ ਹੈ। ਅਨਜਾਣ ਅਜਿਹੇ ਸਮੇਂ ਪੂਰੀ ਸਾਖੀ ਸੁਨਾਣ ਬਹਿ ਜਾਂਦੇ ਹਨ, ਜਿਸ ਨਾਲ ਸਮਾਂ ਵਿਅਰਥ ਜਾਂਦਾ ਤੇ ਅਸਲ ਭਾਵ ਵੱਲ ਸਰੋਤਿਆਂ ਦੀ ਰੁਚੀ ਨਹੀਂ ਦਿਵਾਈ ਜਾ ਸਕਦੀ।

ਕਈ ਵੇਰ ਕਿਸੇ ਇਕੋ ਸਾਖੀ ਵਿਚ ਦੋ ਅੰਗ ਹੁੰਦੇ ਹਨ ਤੇ ਉਨ੍ਹਾਂ

---

੨. *ਭਾਵੇਂ ਲਾਊਡ ਸਪੀਕਰਾਂ ਦੀ ਵਰਤੋਂ ਕਰ ਕੇ ਅੱਜ-ਕਲ੍ਹ ਵਕਤਾ ਸਾਰੇ ਸਰੋਤਿਆਂ ਨੂੰ ਕਈ ਵੇਰ ਨਹੀਂ ਵੇਖ ਸਕਦਾ, ਪਰ ਫਿਰ ਭੀ ਨੇੜੇ ਬੈਠਿਆਂ ਦੇ ਚਿਹਰੇ ਦੇਖ ਤੇ ਦੂਰੋਂ ਬੈਠਿਆਂ ਦੀ ਆਵਾਜ਼ ਸੁਣ ਕੇ ਨਤੀਜਾ ਕੱਢ ਸਕਦਾ ਹੈ।*

ਵਿੱਚੋਂ ਕਿਸੇ ਇਕ ਵਿਸ਼ੇਸ਼ ਅੰਗ ਨਾਲ ਵਕਤਾ ਦੇ ਮਜ਼ਮੂਨ ਦਾ ਸਬੰਧ ਹੁੰਦਾ ਹੈ। ਅਜਿਹੇ ਸਮੇਂ ਸਾਖੀ ਦੇ ਦੂਸਰੇ ਅੰਗ ਨੂੰ ਲਾਂਭੇ ਰੱਖ ਕੇ ਕੇਵਲ ਉਸ ਅੰਗ ਦਾ ਹੀ ਵਿਸਥਾਰ ਕਰਨਾ ਚਾਹੀਦਾ ਹੈ, ਜਿਸ ਨਾਲ ਕਿ ਤਕਰੀਰ ਦਾ ਵਾਸਤਾ ਹੈ, ਜਿਹਾ ਕਿ ਸ਼ਹਿਨਸ਼ਾਹ ਅਕਬਰ ਦੇ ਨਾਮ ਨਾਲ ਇਹ ਹਿੰਦੀ ਦਾ ਸੋਰਠਾ ਜੋੜਿਆ ਜਾਂਦਾ ਹੈ—"ਸਭ ਕੁਛ ਦੀਨੇ, ਏਕ ਨ ਦੀਨੋ ਕਾਹੂ ਦੁਖ। ਸੋ ਅਬ ਹਮ ਕੋ ਦੀਨ, ਕਛੂ ਨ ਰਾਖਿਓ ਬੀਰਬਲ।" ਕਹਿੰਦੇ ਹਨ ਕਿ ਇਹ ਸੋਰਠਾ ਅਕਬਰ ਨੇ ਬੀਰਬਲ ਦੀ ਮੌਤ ਸਮੇਂ ਕਿਹਾ ਸੀ।

ਹੁਣ ਇਸ ਛੰਦ ਰਚਨਾ ਦੇ ਵਾਕੇ ਤੋਂ ਦੋ ਭਾਵ ਲਏ ਜਾ ਸਕਦੇ ਹਨ—ਇਕ ਅਕਬਰ ਦੀ ਹਿੰਦੀ ਛੰਦ ਰਚਨਾ ਦੀ ਸ਼ਕਤੀ ਤੇ ਦੂਜੀ ਬੀਰਬਲ ਦੀ ਸਖਾਵਤ । ਸੋ ਵਕਤਾ ਨੂੰ ਸਮੇਂ ਸਿਰ ਤਅਲਕ ਅਕਬਰ ਦੀ ਕਾਵਿ ਰਚਨਾ ਦੇ ਮਜ਼ਮੂਨ ਨਾਲ ਹੈ ਯਾ ਬੀਰਬਲ ਦੀ ਸਖਾਵਤ ਨਾਲ। ਜਿਹੜਾ ਅੰਗ ਲੋੜੀਂਦਾ ਹੋਵੇ, ਉਸ ਦਾ ਵਿਸਥਾਰ ਕਰੇ ਤੇ ਉਸੇ ਦੀ ਪੁਸ਼ਟੀ ਲਈ ਹੋਰ ਪ੍ਰਮਾਣ ਦੇਵੇ। ਸਾਖੀਆਂ ਵਿਚ ਪੁਰਾਣਕ ਅੰਗ (Myth) ਬਹੁਤ ਘਟ ਵਰਤਣਾ ਚਾਹੀਦਾ ਹੈ। ਮੌਜੂਦਾ ਸਮਾਂ ਕਬੂਲਣ ਤੋਂ ਸੰਕੋਚ ਕਰਦਾ ਹੈ। ਅਸਲ ਵਿਚ ਪੁਰਾਨਕ ਢੰਗ ਦੀ ਸਾਖੀ ਮਨੁੱਖਤਾ ਦੀ ਛੋਟੀ ਉਮਰ ਦੀ ਯਾਦਗਾਰ ਹੈ। ਅੱਜ ਦੀ ਮਨੁੱਖਤਾ ਵਡੇਰਾ ਉਮਰ ਦੀ ਹੈ, ਸਮਝ ਦੀ ਤਸੱਲੀ ਕਰਨੀ ਚਾਹੁੰਦੀ ਹੈ, ਉਹ ਹੈਰਾਨਗੀ ਦੇ ਵਸ ਹੋ, ਅਨਹੋਈਆਂ ਗੱਲਾਂ ਨੂੰ ਮੰਨਣ ਲਈ ਤਿਆਰ ਨਹੀਂ ਹੁੰਦੀ।

ਤਕਰੀਰ ਵਿਚ ਜੇ ਕਲਪਨਾ (Fiction) ਦੀ ਥਾਂ ਹੋਈ (Facts) ਦਾ ਜ਼ਿਕਰ ਕਰਨਾ ਵਧੇਰੇ ਗੁਣਕਾਰੀ ਹੁੰਦਾ ਹੈ, ਕਿਉਂ ਜੋ ਕਲਪਤ ਸਾਖੀ ਵਿਚ ਆਏ ਨਤੀਜੇ ਮਨੁੱਖ ਮਨ 'ਤੇ ਉਤਨਾ ਅਸਰ ਨਹੀਂ ਪਾ ਸਕਦੇ। ਜਿਤਨਾ ਅਸਰ ਕਿ ਉਹ ਸੱਚੀ-ਮੁੱਚੀ ਦੀਆਂ ਘਟਨਾਵਾਂ ਤੋਂ ਕਬੂਲ ਕਰਦਾ ਹੈ। ਮਨੁੱਖ ਇਤਿਹਾਸ, ਮਨੁੱਖ ਦੀਆਂ ਰੁਚੀਆਂ ਨੂੰ ਜਗਾਣ ਤੇ ਅਗਾਂਹ ਤੋਰਨ ਲਈ ਵਕਤਾ ਦੇ ਹੱਥ ਵਿਚ ਇਹ ਵਧੀਆ ਹਥਿਆਰ ਹੈ। ਵਕਤਾ ਨੂੰ ਇਹ ਭੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਸਾਹਮਣੇ ਬੈਠਾ ਮਜ਼ਮਾ ਕਿਸ ਖ਼ਾਸ ਜ਼ਾਤੀ, ਮਜ਼ਬ, ਦੇਸ਼ ਜਾ ਅਕੀਦੇ ਦਾ ਕਾਇਲ ਹੋਵੇ, ਤਾਂ

ਸਾਖੀਆਂ ਉਸ ਵਿਸ਼ੇਸ਼ ਜ਼ਾਤੀ, ਮਜ਼੍ਹਬ, ਦੇਸ਼ ਯਾ ਕੀਕੈਦੇ ਦੇ ਇਤਿਹਾਸ ਵਿਚੋਂ ਹੀ ਸੁਣਾਈਆਂ ਜਾਣ। ਹਾਂ, ਦੇਸ਼, ਜੋ ਜਗਤ ਪ੍ਰਸਿੱਧ ਸਚਾਈਆਂ ਤੇ ਨੇਕੀਆਂ ਹਨ, ਉਨ੍ਹਾਂ ਸਬੰਧੀ ਘਟਨਾ ਭਾਵੇਂ ਕਿਸੇ ਦੀ ਜ਼ਾਤੀ ਦੇਸ਼ ਯਾ ਮਜ਼ਹਬ ਦੇ ਲੋਕਾਂ ਵੱਲੋਂ ਧਿਆਨ ਕੀਤੀ ਜਾਵੇ, ਮਨੁੱਖ ਮਨ 'ਤੇ ਜ਼ਰੂਰ ਅਸਰ ਪਾਵੇਗੀ।

ਹੁਣ ਆਈਏ ਦੂਸਰੇ ਅੰਗ ਕਵਿਤਾ ਵੱਲ। ਕਵਿਤਾ ਮਨੁੱਖੀ ਮਨ ਤੇ ਆਮ ਕਰ ਪੰਜਾਬੀਆਂ ਦੇ ਰਸਕ ਮਨ 'ਤੇ ਖ਼ਾਸ ਅਸਰ ਰੱਖਦੀ ਹੈ। ਪੰਜਾਬੀਆਂ ਦੇ ਮਨ 'ਤੇ ਕਵਿਤਾ ਨੇ ਇਤਨਾ ਕਾਬੂ ਕੀਤਾ ਕਿ ਬੰਬਈ ਦੇ ਮਸ਼ਹੂਰ ਨੇਤਾ ਯੂਸਫ ਮਿਹਰ ਅਲੀ ਨੇ ਆਪਣੀ ਪੁਸਤਕ 'ਪਾਕਿਸਤਾਨ ਵਿਚ ਇਕ ਫੇਰਾ' ਵਿਚ ਇਸ ਦਾ ਜ਼ਿਕਰ ਇਉਂ ਨਾ ਹੋਵੇ, "ਜੇ ਆਪਣੀਆਂ ਵਾਰਤਕ ਵਿਚ ਦਿੱਤੀਆਂ ਹੋਈਆਂ ਦਲੀਲਾਂ ਨੂੰ ਕਵਿਤਾ ਦੇ ਪ੍ਰਮਾਣਾਂ ਨਾਲ ਨਾ ਸ਼ਿੰਗਾਰੇ, ਤਾਂ ਸਮਝੋ ਕਿ ਉਹ ਸੁਭਾ ਵਿੱਚੋਂ ਰਸਕ ਤੇ ਕਵਿਤਾ ਦੇ ਭੁੱਖੇ ਸਰੋਤਿਆਂ ਵੱਲੋਂ ਬਾਹਰ ਕੱਢਿਆ ਜਾਣਾ ਚਾਹੁੰਦਾ ਹੈ।" ਅਜਿਹਾ ਹੋਵੇ ਭੀ ਕਿਉਂ ਨਾ। ਪੰਜਾਬ ਦੀ ਧਰਤੀ ਨੂੰ ਕੁਦਰਤ ਨੇ ਜੋ ਸੁੰਦਰਤਾ ਤੇ ਰਸ ਬਖਸ਼ਿਆ ਹੈ, ਉਹ ਇਸੇ ਗੱਲ ਦੀ ਸੁਭਾਵਕ ਮੰਗ ਕਰਦਾ ਹੈ ਕਿ ਇਸ ਧਰਤੀ ਦੇ ਵਾਸੀ ਰਸਕ ਮਨ ਤੇ ਸੁੰਦਰਤਾ ਨੂੰ ਪਿਆਰ ਵਾਲੇ ਹੋਣ। ਕਵਿਤਾ ਕੀ ਹੈ ? ਜਿਸ ਦਾ ਜਵਾਬ ਅੱਡੋ-ਅੱਡ ਸਿਆਣਿਆਂ ਨੇ ਆਪਣੀ-ਆਪਣੀ ਬੁੱਧ ਅਨੁਸਾਰ ਦਿੱਤਾ ਹੈ। ਅਸੀਂ ਕਵਿਤਾ ਦੇ ਇਹ ਲਖਸ਼ਣ ਕਰਦੇ ਹਾਂ ਕਿ ਕਵਿਤਾ ਉਹ ਰਸ ਪੂਰਤ ਬਲ ਹਨ, ਜਿਨ੍ਹਾਂ ਦੇ ਸੁਣਦਿਆਂ ਹੀ ਸਰੋਤੇ ਵਿਚ ਉਹ ਰਸ ਪੈਦਾ ਹੋ ਜਾਵੇ, ਜੋ ਬੋਲਾਂ ਵਿਚ ਵਿਆਪ ਰਿਹਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਵਿਤਾ ਵਿਚ ਵਜ਼ਨ ਮਾਪ ਤੇ ਤੁਕਾਂਤ ਦਾ ਜੁੜਨਾ ਆਦਿ ਕਈ ਨਿਯਮ ਮੰਨੇ ਜਾਂਦੇ ਹਨ, ਪਰ ਇਹ ਸਭ ਕੁਝ ਕਵਿਤਾ ਦਾ ਬੁਤ ਬਨਾਣ

---

8. *No orator, however eminent, would fail to reinforce his prosaic arguments by constants poetic quotations, unless of course he wanted to be chased out of the meeting by a sensitive Poetry—hungry audience,* *(A Trip to Pakistan)*

ਦੇ ਸਾਧਨ ਹਨ, ਉਸ ਦੀ ਰੂਹ ਤਾਂ ਰਸ ਹੈ। ਹਿੰਦੀ ਦੇ ਮਸ਼ਹੂਰ ਕਵੀ 'ਪਜੂਕ' ਦਾ ਕੌਲ ਹੈ,[੫] "ਜਿਸ ਤਰ੍ਹਾ ਮਨੁੱਖ ਬਿਲਾਸ ਸੂਰਮਾ ਸ਼ਸਤਰਹੀਣ ਤੇ ਬੱਦਲ ਬਿਜਲੀ ਬਿਨ ਨਹੀਂ ਸ਼ੋਭਦਾ, ਸਤੀ ਮੋਰੇ ਬਿਨ ਤੇ ਹੱਥ ਦਾਨ ਬਿਨਾਂ ਨਹੀਂ ਸੋਭਦੇ, ਜਿਸ ਤਰ੍ਹਾਂ ਜ਼ਾਤੀ ਮਰਦ ਕੋਲ ਔਰਤ, ਧਨ, ਧਰਮ, ਬਿਨ, ਨਾਰੀ ਸ਼ਰਮ ਅਤੇ ਰਾਤ ਚੰਦ੍ਰਮਾ ਬਿਨਾਂ ਸਹਾਉਂਦੀ ਨਹੀਂ, ਉਸੇ ਤਰ੍ਹਾਂ ਦੀ ਕਵਿਤਾ ਵੀ ਰਸ ਬਿਨਾਂ ਕੋਈ ਸੋਭਾ ਨਹੀਂ ਪਾਉਂਦੀ।" ਬਹੁਤ ਸਾਰੇ ਕਾਵਿ ਕਲਾ ਤੋਂ ਅਨਜਾਣ ਵਕਤਾ ਕਵੀਆਂ ਕੋਲੋਂ ਸੁਣ ਜਾ ਪੁਸਤਕਾਂ ਵਿੱਚੋਂ ਪੜ੍ਹ ਛੰਦ ਘੋਟ ਲੈਂਦੇ ਹਨ। ਉਹ ਤੋਤੇ ਦੀ ਤਰ੍ਹਾਂ ਸ਼ੇਅਰ ਰਟਦੇ ਹਨ। ਉਨ੍ਹਾਂ ਨੂੰ ਕਵੀ ਦੇ ਭਾਵ ਛੰਦ ਦੇ ਰਸ, ਚਾਲ ਤੇ ਵਜ਼ਨ ਦਾ ਕੁਝ ਪਤਾ ਨਹੀਂ ਹੁੰਦਾ ਤੇ ਉਹ ਕੁਟੱਵੇ ਛੰਦ ਬੋਲ-ਬੋਲ ਆਪਣੀ ਹਾਨੀ ਕਰਾਂਦੇ ਤੇ ਕਵੀ ਮਨਾਂ ਨੂੰ ਕਲੇਸ਼ ਦੇਂਦੇ ਹਨ, ਸਾਇਦ ਅਜਿਹੇ ਹੀ ਕਿਸੇ ਘੋਟੂ ਵਕਤਾ ਨੂੰ ਸੁਸ 'ਪਜੂਕ' ਕਵੀ ਨੇ ਕਿਹਾ ਹੈ, [੬]ਜਿਸਮ ਜਿਸ ਤਰ੍ਹਾਂ ਸਵਾਸ ਤੋਂ ਬਗ਼ੈਰ ਪੈਸਾ ਗੰਢ ਤੋਂ ਬਿਨਾਂ, ਸੇਵਕ ਭੈ ਤੇ ਬਨਸਪਤੀ ਕੰਵਲ ਤੋਂ ਬਿਨਾਂ ਕੋਜੀ ਲੱਗਦੀ ਹੈ, ਨਿਉਂ ਹਾਸੇ ਤੋਂ ਬਿਨਾਂ,

---

੫. *ਜਿਸ ਨਮ ਵਸਤਰ ਬਿਨ, ਸੂਰਾ ਜਿਮ ਸਸਤ੍ਰ ਬਿਨ,*
ਭਲੋ ਨਹਿ ਲਾਗੇ ਜਿਮ ਮੇਘ ਬਿਨ ਦਾਮਨੀ।
ਸਤੀ ਜਿਮ ਮਰੇ ਬਿਨ, ਪਾਨ ਦਾਨ ਕਰੇ ਬਿਨ,
ਬੁਰਾ ਸਮ ਮਾਨੈ ਜਿਮ ਖਤੀ ਵਿਗ਼ ਭਾਸਨੀ।
ਜੈਸੇ ਧਨ ਧਰਮ ਬਿਨ ਨਾਰੀ ਸਰਮ ਬਿਨ,
ਸੋਭਾ ਨਾ ਪਾਵੇ ਜਿਸ ਸਸੀ ਬਿਨ ਬਾਮਨੀ।
ਸੋਭਤ ਪਜੂਕ ਨਾਹੇ ਰਸ ਕੇ ਵਹੀਨ ਕਾਵਿ,
ਲਾਗੇ ਨਹੀਂ ਨੀਕੀ ਜਿਮ ਕੰਤ ਬਿਨ ਕਾਮਨੀ।

੬. ਦੇਹੀ ਜਿਮ ਸਾਥ ਬਿਨ, ਮਾਯਾ ਜਿਮ ਪਾਸ ਬਿਨ,
ਸੇਵਕ ਜਿਮ ਤ੍ਰਾਸ ਬਿਨ, ਬਿਨ ਕੰਜ ਬਨਥਾਸ ਹੈ।
ਨੇਹ ਜਿਮ ਹਾਸ ਬਿਨ, ਰਾਜਾ ਕੋਸ਼ ਦਾਸ ਬਿਨ,
ਪ੍ਰਿਥਵੀ ਜਿਉਂ ਘਾਸ ਬਿਨ, ਸੋਦਾ ਬਿਨ ਰਾਸ ਹੈ।
ਸੰਤ ਧਰਵਾਸ ਬਿਨ, ਗ੍ਰਹੀ ਜਿਉਂ ਅਵਾਸ ਬਿਨ,
ਰਜਨੀ ਪ੍ਰਕਾਸ਼ ਬਿਨ, ਯਾਦ ਬਿਨ ਗਰਾਸ ਹੈ।
ਕਹਿ 'ਪ੍ਰਜੂਕ' ਤੈਸੇ ਰਸਕੇ ਵਹੀਨ ਕਾਵਿ,
ਨਿਸਚੇ ਕਰ ਜਾਨੋ, ਢੁਹ ਮੁੜ ਬਕਵਾਸ ਹੈ।

ਰਾਜਾ ਫ਼ੌਜ ਤੋਂ ਬਿਨਾਂ, ਪ੍ਰਿਥਵੀ ਘਾਹ ਅਤੇ ਹੱਟੀ ਸੌਦੇ ਬਿਨਾਂ, ਧੀਰਜ ਬਿਨਾਂ ਸਾਧੂ, ਕੁੱਲੀ ਬਿਨਾਂ ਗ੍ਰਿਹਸਤੀ ਤੇ ਰਾਤ ਚੰਦਰਮਾ ਤੋਂ ਬਿਨਾਂ ਕੋਝੀ ਹੈ। 'ਰਸ ਜਾਨਣ ਤੋਂ ਬਿਨਾਂ ਕਾਵਿ ਹੀ ਨਿਸ਼ਚਾ ਮੂਰਖਾਂ ਦੀ ਬਕਵਾਸ ਹੈ, ਕਵੀ ਨੇ ਬੜਾ ਕਰੜਾ ਸ਼ਬਦ ਵਰਤਿਆਂ ਹੈ, ਪਰ ਪ੍ਰਤੀਤ ਹੁੰਦਾ ਹੈ ਕਿ ਰਸ ਤੋਂ ਨਾਵਾਕਫ ਵਕਤਿਆ ਨੇ ਕਵਿਤਾ ਦੀ ਅਯੋਗ ਵਰਤੋਂ ਕਰ ਕਰ ਕੇ ਕਵੀ ਚਿੱਤ ਨੂੰ ਸੰਤਾਪ ਪੁਚਾਇਆ ਹੈ। ਵਕਤਾ ਨੂੰ ਆਪਣੀ ਤਕਰੀਰ ਵਿਚ ਕਵਿਤਾ ਦੀ ਵਰਤੋਂ ਕਰਨ ਤੋਂ ਪਹਿਲਾਂ ਉਸ ਨੂੰ ਸਮਝ ਲੈਣ ਦੀ ਭਾਰੀ ਲੋੜ ਹੈ। ਜਦ ਤਕ ਵਕਤਾ ਦੇ ਦਿਮਾਗ ਵਿਚ ਕੋਈ ਕਵਿਤਾ ਇਕਮਿਕ ਹੋ ਕੇ ਅਪਣਾਈ ਨਾ ਜਾ ਚੁੱਕੀ ਹੋਵੇ, ਉਸ ਨੂੰ ਪ੍ਰਮਾਣ ਕਰਨ ਦਾ ਕੋਈ ਲਾਭ ਨਹੀਂ ਹੁੰਦਾ, ਕਵਿਤਾ ਦਾ ਰਸ ਭੇਦ ਸਮਝਣ ਤੋਂ ਬਾਅਦ ਬੋਲਣ ਵਾਲੇ ਨੂੰ ਇਹ ਭੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਕਵਿਤਾ ਉਸ ਦੀ ਤਕਰੀਰ ਦਾ ਕੋਈ ਅੰਗ ਨਹੀਂ, ਸਗੋਂ ਗਹਿਣਾ ਹੈ ਤੇ ਇਸੇ ਤਰ੍ਹਾਂ ਕਵਿਤਾ ਦੀ ਤਕਰੀਰ ਦੇ ਖ਼ਾਸ-ਖ਼ਾਸ ਮੁਕਾਮਾਂ 'ਤੇ ਹੀ ਦੇਣੀ ਚਾਹੀਦੀ ਹੈ।

ਅਸਲ ਵਿਚ ਵਕਤਾ ਜਦ ਕਿਸੇ ਖ਼ਾਸ ਖ਼ਿਆਲ ਦੀ ਜੋ ਲੋਕਾਂ ਦੇ ਸਾਹਮਣੇ ਰੱਖ ਰਿਹਾ ਹੈ, ਤਈਦ ਲੋੜਦਾ ਹੈ, ਤਾਂ ਹੀ ਉਹ ਕਿਸੇ ਮਸ਼ਹੂਰ ਕਵੀ ਦੀ ਰਚਨਾ ਨੂੰ ਵਰਤਦਾ ਹੈ। ਇਸ ਲਈ ਉਸ ਨੂੰ ਵਾਰਤਕ ਸ਼ਬਦਾਂ ਵਾਂਗ ਦੁਹਰਾਣਾ ਪੂਰਾ ਲਾਭਦਾਇਕ ਨਹੀਂ ਹੋਵੇਗਾ। ਵਾਜਬ ਹੈ ਕਿ ਵਕਤਾ ਪਹਿਲਾਂ ਆਪਣੇ ਖ਼ਿਆਲ ਦੀ ਤਾਰ ਨੂੰ ਬੰਨ੍ਹੇ ਤੇ ਜਦ ਸਰੋਤਿਆਂ ਦੀ ਬਿਰਤੀ ਆਪਣੇ ਖ਼ਿਆਲ ਵਿਚ ਜੁੜੀ ਹੋਈ ਤੱਕੇ, ਤਾਂ ਕਵਿਤਾ ਦੀ ਸੱਟ ਨਾਲ ਆਪਣੇ ਖ਼ਿਆਲ ਦਾ ਨਗੀਨਾ ਸਰੋਤਿਆਂ ਦੀ ਸੂਰਤ ਨਾਲ ਜੋੜ ਦੇਵੇ। ਸਾਅਦੀ ਨੇ ਇਕ ਥਾਂ ਵਕਤਾ ਦੀ ਤਾਰੀਫ਼ ਕਰਦਿਆਂ ਕਿਹਾ ਹੈ,"ਉਹ ਵਕਤਜ ਦੀ ਕਲਮ ਨਾਲ ਆਪਣੇ ਬਿਆਨ ਨੂੰ ਸਰੋਤਿਆਂ ਦੇ ਦਿਲ ਤੇ ਇਉ ਜੜਦਾ ਜਾਂਦਾ ਸੀ, ਜਿਸ ਤਰ੍ਹਾਂ ਨਗੀਨੇ 'ਤੇ ਲਿਖੇ

---

2. ਬਾਕਿਲਕੇ ਫਸਾਰਤ, ਬਿਆਨੇ ਕੇ ਦਾਸਤ,
ਬਦਲਿਹਾ ਚੂਨਕਸ਼ੇ ਨਗੀਂ ਬਰਗੁਜ਼ਾਸ਼ਤ।

ਹੋਏ ਅੱਖਰ।" [੭]ਰਸ ਪੂਰਤ ਕਵਿਤਾ ਇਕ ਜਾਦੂ ਹੈ, ਜੋ ਸਰੋਤਿਆਂ ਦੇ ਦਿਮਾਗ਼ ਤੇ ਮਿਸਮਰੇਜ਼ਮ ਦਾ ਅਸਰ ਰੱਖਦੀ ਹੈ, ਜਿਸ ਅਸਰ ਹੇਠਾਂ ਸਰੋਤਿਆਂ ਤੋਂ ਵਕਤਾ ਆਪਣੀ ਕਠਿਨ ਤੋਂ ਕਠਿਨ ਗੱਲ ਮੰਨਵਾ ਲੈਂਦਾ ਹੈ।

ਕਈ ਵੇਰ ਵਕਤਾ ਵਿਚ ਖ਼ਾਸ ਭਾਵਾਂ ਦੀਆਂ ਛੋਟੀਆਂ-ਛੋਟੀਆਂ ਸਾਖੀਆਂ ਗੁੰਦੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਪ੍ਰਮਾਣ ਦੇਣ ਨਾਲ ਉਹ ਭਾਵ ਸਰੋਤਿਆਂ ਦੀ ਸੂਰਤ 'ਤੇ ਕਾਬੂ ਪਾ ਜਾਂਦਾ ਹੈ, ਜਿਹਾ ਕਿ ਜੇ ਕੋਈ ਵਕਤਾ ਜਗਤ ਦੀ [੮]ਅਨਸਥਿਰਤਾ ਤੇ ਵਿਆਨ' ਦੇ ਰਿਹਾ ਹੋਵੇ, ਤਾਂ ਜਗਤ ਦੀ ਛਿੰਨ-ਛਿੰਨ ਵਿਚ ਬਦਲਣ ਵਾਲੀ ਅਵਸਥਾ ਦੇ ਕਈ ਇਕ ਵਾਰਤਕ ਪ੍ਰਮਾਣ ਦੇਣ ਨਾਲੋਂ ਕਵਿਤਾ ਦਾ ਇਕ ਪ੍ਰਮਾਣ ਹੀ ਦੇਣਾ ਜ਼ਿਆਦਾ ਪ੍ਰਭਾਵ ਪੂਰਤ ਹੋਵੇਗਾ। ਇਸੇ ਤਰ੍ਹਾਂ ਹੀ [੯]ਪ੍ਰੇਮ ਦਾ ਅਮਰ ਰ਼ਹਿਣਾ, [੧੦]ਉਦਮ ਜੀਵਨ ਦੀ ਜ਼ਮਾਨਤ ਹੈ। [੧੧]ਜਵਾਂ-ਮਰਦ ਤਕਰੀਰ ਨੂੰ ਆਪ ਢਾਲਦੇ ਹਨ ਤੇ ਹੋਰ ਇਹੋ ਜਿਹੇ ਬੇਅੰਤ ਭਾਵ ਜੋ ਰੋਜ਼-ਰੋਜ਼ ਤਕਰੀਰਾਂ ਵਿਚ ਆਉਂਦੇ ਰਹਿੰਦੇ ਹਨ, ਕਵਿਤਾ ਦੇ ਇਕ ਛੋਟੇ ਪ੍ਰਮਾਣ ਨਾਲ ਵਾਰਤਕ ਦੀ ਲੰਬੀ ਤਕਰੀਰ ਨਾਲੋਂ ਵਧੇਰੇ ਅਸਰ ਪਾ ਜਾਂਦੇ ਹਨ।

---

੮. ਨਾ ਗੋਰੇ ਸਕੰਦਰ ਹੈ, ਨਾ ਕਬਰੇ ਦਾਰਾ,
 ਮਿਟੇ ਨਾਮੀਉਂ ਕੇ ਨਸ਼ਾਂ ਕੈਸੇ, ਕਸੇ।

੯. ਸ਼ੌਕਿ ਬਲਬਲ ਕਮ ਨ ਗਰਦਦ,
 ਗਰ ਰਵਦ ਗੁਲ ਅਜ਼ ਚਮਨ।
 ਹੁਸਨ ਬੇਬੁਨਿਅ ਦ ਬਾਸ਼ਦ, ਇਸ਼ਕ ਬੇਬੁਨਿਆਦ ਨੇਸਤ।

੧੦. ਉਹੋ ਹੀ ਜਗ ਵਿਚ ਜੀਉਂਦੇ ਨੇ।
 ਜਿਨ੍ਹਾਂ ਨੇ ਉਦਮ ਧਾਰੇ ਨੇ।
 ਕਿ ਬਿਨ ਹਰਕਤ ਤੋਂ ਬੱਚੇ ਭੀ,
 ਮਾਵਾਂ ਧਰ ਸਿੜੀਆਂ ਸਾੜ ਨੇ।

੧੧. ਖ਼ੁਦ ਕੋ ਕਰ ਬੁਲੰਦ ਇਤਨਾ,
 ਕਿ ਹਰ ਤਕਰੀਰ ਸੇ ਪਹਿਲੇ।
 ਖ਼ੁਦਾ ਬੰਦੇ ਸੇ ਖ਼ੁਦ ਪੂਛੇ,
 ਬਤਾ ਤੇਰੀ ਰਜ਼ਾ ਕਿਆ ਹੈ।

ਕਵਿਤਾ ਨੂੰ ਪ੍ਰਮਾਣ ਕਰਨ ਵਾਲੇ ਵਕਤਾ ਲਈ ਕਵਿਤਾ ਦੇ ਮਾਪ ਤੋਲ ਤੋਂ ਜਾਣੂ ਹੋਣਾ ਬੜਾ ਜ਼ਰੂਰੀ ਹੈ, ਕਿਉਂਕਿ ਕਵਿਤਾ ਦੇ ਵਾਰਤਕ ਦਾ ਫ਼ਰਕ ਹੀ ਇਹੋ ਹੈ। ਕਵਿਤਾ ਵਿਚ ਛੰਦ ਦੀ ਚਾਲ ਦੇ ਅਨੁਸਾਰ ਮਾਪ ਬੱਝਾ ਹੋਇਆ ਹੁੰਦਾ ਹੈ। ਬਹੁਤ ਸਾਰੇ ਕਵਿਤਾ ਦੇ ਇਸ ਭੇਦ ਤੋਂ ਅਨਜਾਣ ਵਕਤਾ ਆਪਣੇ ਮਤਲਬ ਦੇ ਛੰਦ ਤੋਂ ਕੰਠ ਕਰ ਲੈਂਦੇ ਹਨ ਪਰ ਜੇ ਇਕ ਅੱਧਾ ਅੱਖਰ ਭੁੱਲ ਜਾਏ, ਤਾਂ ਚਾਲ ਤੋਂ ਅਨਜਾਣ ਉਸ ਭੁੱਲ ਨੂੰ ਸਮਝ ਹੀ ਨਹੀਂ ਸਕਦਾ ਤੇ ਉਸੇ ਤਰ੍ਹਾਂ ਹੀ ਛੰਦ ਬੋਲ ਦਿੰਦਾ ਹੈ, ਜਿਸ ਕਰ ਕੇ ਚਾਲ ਵਿਚ ਟੋਟ (ਸਕਤਾ) ਪੈ ਜਾਣ ਕਰਕੇ ਬੜੀ ਬੇਸਵਾਦੀ ਹੁੰਦੀ ਹੈ। ਕਾਵਿ ਰਸ-ਹੀਣ ਹੋ ਜਾਣ ਕਰ ਕੇ ਸਰੋਤਿਆਂ ਦੀ ਨਿਗਾਹ ਵਿਚ ਵਕਤਾ ਦਾ ਮਾਣ ਘਟਣ ਦਾ ਕਾਰਨ ਬਣ ਜਾਂਦਾ ਹੈ। ਕਵਿਤਾ ਵਿਚ ਛੰਦਾਂ ਦੀ ਚਾਲ ਆਪਣੀ-ਆਪਣੀ ਹੁੰਦੀ ਹੈ। ਕਬਿੱਤ, ਸਵੱਯਾ, ਡਿਊੜ, ਚੌਪਈ ਦੋਹਿਰਾ ਸਭ ਦੀ ਅਦਾਇਗੀ ਤੇ ਢੰਗ ਆਪਣੇ ਆਪਣੇ। ਇਸੇ ਤਰ੍ਹਾਂ ਹੀ ਗਜ਼ਲ ਦੇ ਸ਼ੇਅਰ, ਬੈਂਤ ਕਿਤਾ ਤੇ ਰੁਬਾਈ ਆਪਣੀ ਚਾਲ ਅਨਸੁਾਰ ਉਚਾਰੀ ਜਾ ਸਕਦੀ ਹੈ। ਚਾਲਾਂ ਤੋਂ ਅਨਜਾਣ ਵਕਤਾ ਛੰਦਾਂ ਨੂੰ ਬਕਾਇਦਾ ਨਹੀਂ ਬੋਲ ਸਕਦਾ, ਜਿਸ ਕਰ ਕੇ ਕਵਿਤਾ ਰਸ-ਹੀਣ ਹੋ, ਲਾਭ ਦੇਣ ਦੀ ਥਾਂ ਹਾਨੀਕਾਰਕ ਹੋ ਜਾਂਦੀ ਹੈ।

ਵਕਤਾ ਨੂੰ ਇਹ ਭੀ ਜਾਣ ਲੈਣਾ ਚਾਹੀਦਾ ਹੈ ਕਿ ਕਵਿਤਾ ਉਸ ਦੀ ਤਕਰੀਰ ਦਾ ਜੇਵਰ ਹੈ ਤੇ ਜਿਸ ਤਰ੍ਹਾਂ ਬਾਹਲ ਤੇ ਬੇਢਵੇ ਜ਼ੇਵਰ ਪਹਿਣੇ ਹੋਏ, ਕਿਸੇ ਦੀ ਸੁੰਦਰਤਾ ਨੂੰ ਵਧਾਉਂਦੇ ਨਹੀਂ, ਸਗੋਂ ਹਾਸੋ-ਹੀਣੀ ਬਣਾ ਦੇਂਦੇ ਹਨ, ਉਸੇ ਤਰ੍ਹਾਂ ਦੀ ਬਹੁਤ ਜ਼ਿਆਦਾ ਤੇ ਵੱਡੀਆਂ-ਵੱਡੀਆਂ ਕਵਿਤਾਵਾਂ ਤਕਰੀਰ ਨੂੰ ਸਵਾਰਨ ਦੀ ਥਾਂ ਕੋਝਾ ਕਰ ਦਿੰਦੀਆਂ ਹਨ। ਵਕਤਾ ਲਈ ਛੋਟੇ ਤੋਂ ਛੋਟੇ ਛੰਦ ਵਰਤਣੇ ਬੜੇ ਗੁਣਕਾਰੀ ਹਨ—ਜਿਹਾ ਕਿ ਦੋਹਿਰਾ, ਚੌਪਈ, ਸ਼ੇਅਰ ਤੇ ਰੁਬਾਈ। ਜੇ ਕਿਸੇ ਵੱਡੀ ਕਵਿਤਾ ਦੇ ਕਿਸੇ ਅੰਗ ਵਿਚ ਵਕਤਾ ਦੇ ਭਾਵ ਦਾ ਜ਼ਿਕਰ ਆਉਂਦਾ ਹੋਵੇ, ਤਾਂ ਉਸ ਨੂੰ ਚਾਹੀਦਾ ਹੈ ਕਿ ਕਵਿਤਾ ਦਾ ਉਤਨਾ ਹੀ ਅੰਗ ਬੋਲੇ। ਕਈ ਨਾਵਾਕਿਫ ਆਪਣਾ ਛੋਟਾ ਜਿਹਾ ਅੰਗ ਦਰਸਾਣ ਲਈ ਪੂਰੀ ਕਵਿਤਾ

ਕੰਠ ਕਰਦੇ ਤੇ ਤਕਰੀਰ ਵਿਚ ਦਿੰਦੇ ਹਨ। ਅਜਿਹਾ ਕਰਨਾ ਆਪਣੀ ਯਾਦ-ਸ਼ਕਤੀ 'ਤੇ ਵਿਅਰਥ ਬੋਝ ਪਾਨਾ ਤੇ ਸਰੋਤਿਆਂ ਦਾ ਸਮਾਂ ਨਸ਼ਟ ਕਰਨਾ ਹੈ।

ਕਵਿਤਾ ਵਿਚ ਕਈ ਵੇਰਾਂ ਅਜਿਹੇ ਪਦ ਭੀ ਆਉਂਦੇ ਹਨ ਕਿ ਜਿਨ੍ਹਾਂ ਕਿ ਦੋ ਯਾ ਵਧੇਰੇ ਅਰਥ ਹੋਣ ਤੇ ਕਈ ਵੇਰ ਇਕ ਪਦ ਦੂਸਰੀ ਭਾਸ਼ਾ ਦੀ ਕਵਿਤਾ ਵਿਚ ਯਾ ਕੇ ਹੋਰ ਮਾਅਨੇ ਦੇ ਜਾਂਦੀ ਹੈ। ਇਸ ਲਈ ਵਕਤਾ ਨੂੰ ਉਹੋ ਹੀ ਕਵਿਤਾ ਪ੍ਰਮਾਣ ਕਰਨਾ ਚਾਹੀਦੀ ਹੈ, ਜਿਸ ਦੀ ਭਾਸ਼ਾ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਹੋਵੇ। ਜੇ ਬੋਲੀ ਦਾ ਮਾਹਿਰ ਨਾ ਹੋਵੇ, ਤਾਂ ਕਮ-ਅੱਜ-ਕਮ ਉਨ੍ਹਾਂ ਛੰਦਾਂ ਦੇ ਅਰਥ ਤਾਂ ਅੱਖਰ-ਅੱਖਰ ਕਰ ਸਮਝਿਆ ਹੋਵੇ, ਜਿਨ੍ਹਾਂ ਨੂੰ ਕਿ ਉਸ ਨੇ ਵਰਤਨਾ ਹੈ[੧੨]। ਗੱਲ ਕੀ-ਕਵਿਤਾ, ਵਕਤਾ ਦੇ ਹੱਥ ਵਿਚ ਇਕ ਤੇਜ਼ ਤਲਵਾਰ ਹੈ, ਜਿਸ ਦੇ ਨਾਲ ਉਹ ਸਰੋਤਿਆਂ ਦੇ ਮਨਾਂ ਤੋਂ ਵਿਰੋਧੀ ਭਾਵਾਂ ਨੂੰ ਕੱਟ ਕੇ ਲਾਂਭੇ ਕਰਦਾ ਜਾਂਦਾ ਹੈ।

ਪਰ ਜੇ ਕੋਈ ਮਸੂਮ ਦੇ ਹੱਥ ਆਪਣੀ ਸ਼ਮਸ਼ੀਰ ਵਾਂਗ ਯੋਗਤਾ ਨਾਲ ਨਾ ਵਰਤੀ ਜਾਏ, ਤਾਂ ਆਪਣੇ ਹੀ ਪੈਰ 'ਤੇ ਵਜ ਨੁਕਸਾਨ ਕਰਦੀ ਹੈ, ਪਰ ਜਿਥੋਂ ਤਕ ਤਕਰੀਰ ਨੂੰ ਰੌਚਕ ਬਨਾਉਣ ਦਾ ਸਬੰਧ ਹੈ, ਕੋਈ ਹਰ ਸਾਧਨ ਕਵਿਤਾ ਦੀ ਬਰਾਬਰੀ ਨਹੀਂ ਕਰ ਸਕਦਾ।

ਸ਼ਬਦ ਪ੍ਰਮਾਣ—ਕਵਿਤਾ ਤੋਂ ਬਾਅਦ ਜੋ ਚੀਜ਼ ਤਕਰੀਰ ਵਿਚ ਬਲ ਪੈਦਾ ਕਰਨ ਲਈ ਜ਼ਰੂਰੀ ਹੈ, ਉਹ ਹੈ ਸ਼ਬਦ ਪ੍ਰਮਾਣ। ਇਸ ਤੋ ਮੁਰਦਾ

---

੧੨. *ਕਵਿਤਾ ਦਾ ਪ੍ਰਮਾਣ ਦੇਣ ਲੱਗੇ ਬਹੁਤ ਸਾਰੇ ਵਕਤਾ ਪਹਿਲਾਂ ਕਵਿਤਾ ਕਹਿ ਕੇ ਪਿਛੋਂ ਉਸ ਦੇ ਅਰਥ ਕਰਦੇ ਤੇ ਆਪਣੇ ਭਾਵ ਦੀ ਪ੍ਰੋੜਤਾ ਜਤਾਂਦੇ ਹਨ। ਇਹ ਤਰੀਕਾ ਵਕਤਾ ਲਈ ਗੁਣਕਾਰੀ ਨਹੀਂ। ਇਹ ਤਾਂ ਛੰਦ ਦੇ ਅਰਥਾਂ ਦੀ ਪ੍ਰੋੜਤਾ ਸ਼ੁਰੂ ਹੋ ਜਾਣ ਕਰ ਕੇ ਅਸਲ ਤਕਰੀਰ ਦੇ ਮਜ਼ਮੂਨ ਦੀ ਤਾਰ ਢਿੱਲੀ ਪੈ ਜਾਂਦੀ ਹੈ ਤੇ ਦੂਜੇ ਅਰਥਾਂ ਤੋਂ ਨਾਵਾਕਿਫ ਹੋਣ ਕਰ ਕੇ ਸਰੋਤੇ ਛੰਦ ਦੀ ਕਾਵਿ ਰਚਨਾ ਦਾ ਸਵਾਦ ਨਹੀਂ ਲੈ ਸਕਦੇ, ਸੁਘੜ ਵਕਤਾ ਨੂੰ ਚਾਹੀਦਾ ਹੈ ਕਿ ਉਹ ਜੋ ਛੰਦ ਬੋਲਣਾ ਚਾਹੇ ਪਹਿਲਾਂ ਉਸ ਦੇ ਅਰਥਾਂ ਨੂੰ ਘੱਟ ਤੋਂ ਘੱਟ ਸ਼ਬਦਾਂ ਵਿਚ ਕਹਿ ਜਾਏ ਤੇ ਉਨ੍ਹਾਂ ਦਾ ਭਾਵ ਆਪਣੇ ਮਤਲਬ ਦੀ ਤਾਈਦ ਵਿਚ ਦੱਸ ਕੇ ਫਿਰ ਛੰਦ ਬੋਲੇ। ਅਜਿਹਾ ਕਰਨ ਨਾਲ ਸਰੋਤੇ ਛੰਦ ਦੇ ਕਾਵਿ ਬਲ ਨੂੰ ਚੰਗੀ ਤਰ੍ਹਾਂ ਕਬੂਲਣਗੇ ਤੇ ਵਕਤਾ ਦਾ ਛੰਦ ਕਹਿਣ ਦਾ ਮਤਲਬ ਵਧੇਰੇ ਵੀ ਖ਼ੂਬੀ ਨਾਲ ਪੂਰਾ ਹੋਵੇਗਾ।*

ਹੈ, ਸੰਸਾਰ ਦੀਆਂ ਪ੍ਰਸਿੱਧ ਹਸਤੀਆਂ ਦੇ ਕੋਲ ਕਿਉਂਕਿ ਜਦ ਵਕਤਾ ਤਕਰੀਰ ਕਰ ਰਿਹਾ ਹੈ ਤਾਂ ਅਸਲ ਵਿਚ ਉਹ ਸਰੋਤਿਆਂ ਦੇ ਸਾਹਮਣੇ ਇਕ ਦਾਅਵਾ ਪੇਸ਼ ਕਰ ਰਿਹਾ ਹੁੰਦਾ ਹੈ ਤੇ ਉਸ ਦੇ ਦਾਅਵੇ ਦਾ ਕੱਚ ਪੱਕ ਜਾਨਣ ਲਈ ਸਰੋਤਿਆਂ ਦੀ ਬੁੱਧੀ ਗਵਾਹੀ ਮੰਗਦੀ ਹੈ ਤੇ ਸ਼ਬਦ ਪ੍ਰਮਾਣ ਅਸਲ ਵਿਚ ਉਹ ਗਵਾਹੀ ਹੈ ਜੋ ਵਕਤਾ ਆਪਣੇ ਦਾਅਵੇ ਦੀ ਤਈਦ ਵਿਚ ਦੇਂਦਾ ਹੈ। ਮਨੁੱਖ ਬੁੱਧੀ ਕੁਦਰਤੀ ਤੌਰ 'ਤੇ ਸ਼ਬਦ ਪ੍ਰਮਾਣ ਨੂੰ ਮੰਨਣ ਤੇ ਮਜ਼ਬੂਰ ਹੈ, ਕਿਉਂ ਜੇ ਉਹ ਸ਼ਬਦ ਨੂੰ ਮੰਨੇਗਾ, ਤਾਂ ਉਸ ਦਾ ਗਿਆਨ ਕੇਵਲ ਪ੍ਰਤੱਖਸ਼ (ਉਹ ਗਿਆਨ ਜੋ ਪੰਜਾਂ ਗਿਆਨ ਇੰਦ੍ਰੀਆਂ ਰਾਹੀਂ ਹੁੰਦਾ ਹੈ) 'ਤੇ ਹੀ ਨਿਰਭਰ ਰਹੇਗਾ, ਜਿਸ ਦੀ ਕਿ ਹੱਦ ਬਹੁਤ ਥੋੜ੍ਹੀ ਹੈ ਤੇ ਅਜਿਹੀ ਸੂਰਤ ਵਿਚ ਸੰਸਾਰ ਦਾ ਕੰਮ ਚਲ ਹੀ ਨਹੀਂ ਸਕੇਗਾ। ਇਸੇ ਕਰ ਕੇ ਹੀ ਸ਼ਬਦ ਪ੍ਰਮਾਣ ਸਭ ਤੋਂ ਪ੍ਰਮਾਣ ਸਮਝਿਆ ਜਾਂਦਾ ਹੈ। ਹਾਂ, ਇਸ ਨੂੰ ਪ੍ਰਵਾਨ ਕਰਨ ਸਮੇਂ ਬੁੱਧੀ ਹਰ ਸ਼ਬਦ ਦੇ ਪਿੱਛੇ ਸ਼ਬਦ ਕਹਿਣ ਵਾਲੇ ਦੀ ਹੈਸੀਅਤ ਨੂੰ ਜ਼ਰੂਰ ਜਾਂਚਦੀ ਹੈ। ਉਹ ਇਹ ਵੇਖਣ ਦੀ ਕੋਸ਼ਿਸ਼ ਕਰਦੀ ਹੈ ਕਿ ਜਿਸ ਨੇ ਸ਼ਬਦ ਕਿਹਾ ਹੈ, ਉਹ ਹਸਤੀ ਕੋਈ ਭਾਰੀ ਗੌਰੀ ਭੀ ਹੈ ਕਿ ਨਹੀਂ।

ਕਿਉਂਕਿ ਸ਼ਬਦ ਅਸਲ ਵਿਚ ਕਿਸੇ ਦੇ ਦਿਲ ਦੀ ਲਹਿਰ ਹੈ ਤੇ ਜੇ ਦਿਲ ਵਿਚ ਸਚਾਈ, ਗੰਭੀਰਤਾ ਤੇ ਪਵਿੱਤ੍ਰਤਾ ਭਰੀ ਹੋਏ, ਤਾਂ ਸ਼ਬਦਾਂ ਵਿਚ ਭੀ ਇਹ ਗੁਣ ਆ ਜਾਂਦੇ ਹਨ ਪਰ ਜੇ ਦਿਲ ਕਪਟ, ਫਰੇਬ ਯਾ ਛਲ ਨਾਲ ਭਰਿਆ ਹੋਵੇ, ਤਾਂ ਉਸ ਦੇ ਸ਼ਬਦਾਂ ਤੋਂ ਵੀ ਮਨੁੱਖ ਨੂੰ ਟਪਲਾ ਲਗਦਾ ਤੇ ਧੋਖਾ ਹੁੰਦਾ। [13]ਮਹਾਂ ਕਵੀ 'ਇਕਬਾਲ' ਦਾ ਕੌਲ ਹੈ, "ਜੇ ਸੀਨਾ ਰੌਸ਼ਨ ਹੋਵੇ, ਤਾਂ ਸ਼ਬਦ ਤਾਸੀਰ ਤੋਂ ਜੀਵਨ ਮਿਲਦਾ ਹੈ, ਪਰ ਜੇ ਰੌਸ਼ਨ ਨਾ ਹੋਵੇ, ਤਾਂ ਬਚਨ ਤੋਂ ਸਦੈਵੀ ਮੌਤ ਪ੍ਰਾਪਤ ਹੁੰਦੀ ਹੈ।" ਸਰੋਤਿਆਂ ਦੀ ਬੁੱਧੀ ਵਕਤਾ ਦੇ ਪ੍ਰਮਾਣ ਕੀਤੇ ਹੋਏ ਸ਼ਬਦਾਂ ਦੇ ਮਗਰ ਜਦ ਉਨ੍ਹਾਂ ਦੇ ਕਹਿਣ ਵਾਲਿਆਂ

---

੧੩. ਸੀਨਾ ਰੌਸ਼ਨ ਤੋ ਹੈ, ਸੋਜ਼ ਸਖੁਨ ਐਨੇ ਹਯਾਤ।
ਨ ਹ ਰੌਸ਼ਨ, ਤੋ ਸਖੁਨ ਮਰਗੇ ਦਵਾਮ ਐਸਾਕੀ।

ਦੀ ਹੈਸੀਅਤ ਨੂੰ ਜਾਚਣ ਲਗਦੀ, ਤਦ ਉਨ੍ਹਾਂ ਪ੍ਰਮਾਣਾਂ ਦੇ ਦੋ ਹਿੱਸੇ ਹੋ ਜਾਂਦੇ ਹਨ—ਇਕ ਬੁੱਧੀਵਾਨਾਂ ਦੇ ਬਚਨ ਤੇ ਦੂਜੇ ਧਾਰਮਿਕ ਹੁਕਮ। ਇਨ੍ਹਾਂ ਵਿੱਚੋਂ ਬੁੱਧੀਮਾਨਾਂ ਦੇ ਕੌਲ ਭਾਵੇਂ ਸਮੁੱਚੀ ਮਨੁੱਖ ਬੁੱਧੀ 'ਤੇ ਅਸਰ ਪਾਉਂਦੇ ਹਨ, ਪਰ ਸਰੋਤੇ ਉਸ ਨੂੰ ਉਸ ਤਰ੍ਹਾਂ ਬਿਲਾ ਉਜਰ ਨਹੀਂ ਮੰਨ ਲੈਂਦੇ, ਜਿਸ ਤਰ੍ਹਾਂ ਧਾਰਮਿਕ ਹੁਕਮਾਂ ਨੂੰ ਧਰਮ ਦੇ ਅਨੁਯਾਈ ਬਿਨਾਂ ਉਜਰ ਕਬੂਲ ਕਰ ਲੈਂਦੇ ਹਨ, ਇਸ ਲਈ ਵਕਤਾ ਨੂੰ ਇਨ੍ਹਾਂ ਦੇ ਪ੍ਰਮਾਣ ਕਰਨ ਲੱਗਿਆ ਵੀ ਖ਼ਾਸ ਗੱਲਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ ।

ਬੁਧੀਵਾਨਾਂ ਦੇ ਸ਼ਬਦ ਦਾ ਪ੍ਰਮਾਣ ਦੇਣ ਤੋਂ ਪਹਿਲਾਂ ਵਕਤਾ ਨੂੰ ਇਹ ਗੱਲ ਦੇਖ ਲੈਣੀ ਚਾਹੀਦੀ ਹੈ ਕਿ ਜਿਸ ਦਾ ਪ੍ਰਮਾਣ ਉਹ ਦੇਣ ਲੱਗਾ ਹੈ ਕਿ ਉਸ ਦੀ ਜਾਤ ਸਰੋਤਿਆਂ ਦੀ ਨਿਗਾਹ ਵਿਚ ਹੀਣੀ ਤਾਂ ਨਹੀਂ, ਜਿਸ ਤਰ੍ਹਾਂ ਕੋਈ ਵਕਤ ਸਾਡੇ ਦੇਸ਼ ਵਿਚ ਰਾਜਨੀਤਕ ਵਿਚਾਰਾਂ 'ਤੇ ਲੈਕਚਰ ਦੇਂਦਾ ਹੋਇਆ ਜਨਤਾ ਨਾਲ ਸਮਾਨ ਭਾਵ ਦੀ ਵਰਤੋਂ ਕਰਨ 'ਤੇ 'ਲਾਰਡ ਕਰਜ਼ਨ' ਯਾ 'ਮਿਸਟਰ ਚਰਚਲ' ਦਾ ਕੋਈ ਵਾਕ ਪ੍ਰਮਾਣ ਕਰੇ, ਤਾਂ ਨਿਸਚੇ ਸਰੋਤਿਆਂ 'ਤੇ ਕੋਈ ਖ਼ਾਸ ਅਸਰ ਨਹੀਂ ਪਵੇਗਾ, ਕਿਉਂਕਿ ਉਨ੍ਹਾਂ ਦੇ ਦਿਲਾਂ ਵਿਚ ਉਕਤ ਵਿਅਕਤੀਆਂ ਦੇ ਰਾਜਨੀਤਕ ਵਿਹਾਰ ਕਰ ਕੇ ਉਨ੍ਹਾਂ ਦੇ ਸਮਾਨ ਵਰਤਾਵ ਦੇ ਧਾਰਨੀ ਹੋਣ ਦਾ ਕੋਈ ਨਿਸਚਾ ਨਹੀਂ ਰਿਹਾ ਹੋਇਆ।

ਇਸੇ ਤਰ੍ਹਾਂ ਹੀ ਧਾਰਮਿਕ ਖ਼ਿਆਲਾਂ ਦੇ ਕਿਸੇ ਮਜ਼ਮੇ ਦੇ ਸਾਹਮਣੇ 'ਮਾਰਕਸ' ਜਾਂ 'ਏਂਜ਼ਲ' ਦੇ ਬਚਨਾਂ ਦੇ ਪ੍ਰਮਾਣ ਦੇਣੇ ਕੋਈ ਅਸਰ ਨਹੀਂ ਰੱਖਣਗੇ, ਕਿਉਂ ਜੋ ਉਸ ਮਜ਼ਮੇ ਦੀ ਨਿਗਾਹ ਇਹ ਦੋਵੇਂ ਵਿਅਕਤੀਆਂ ਨਾਸਤਕ ਹੋਣ ਕਰ ਕੇ ਸਤਕਾਰੀਆਂ ਨਹੀਂ ਜਾ ਸਕਦੀਆਂ। ਵਕਤਾ ਨੂੰ ਸਦਾ ਹੀ ਆਪਣੇ ਭਾਵ ਮੰਨਵਾਣ ਲਈ ਸਰੋਤਿਆਂ ਦੇ ਮਨਾਂ ਵਿੱਚੋਂ ਮੁਅਫਕ ਪਹਿਲੇ ਨਿਸਚਿਆਂ ਦੀ ਟੋਲ ਕਰਨੀ ਚਾਹੀਦੀ ਹੈ, ਕਿਉਂ ਜੋ ਉਨ੍ਹਾਂ ਦੇ ਆਸਰੇ ਆਪਣੀ ਗੱਲ

ਵਧੇਰੇ ਆਸਾਨੀ ਨਾਲ ਮਨਾਈ ਜਾ ਸਕਦੀ ਹੈ। ਇਸ ਲਈ ਕਿਸੇ ਸਿਆਣੇ ਦਾ ਬਚਨ ਪ੍ਰਮਾਣ ਕਰਨ ਸਮੇਂ ਇਹ ਖ਼ਿਆਲ ਰੱਖਣਾ ਬੜਾ ਜ਼ਰੂਰੀ ਹੈ ਕਿ ਉਸ ਦੀ ਸ਼ਖਸੀਅਤ ਸਰੋਤਿਆਂ ਵਿਚ ਸਤਿਕਾਰ ਕਰਨ ਨਾਲ ਦੇਖੀ ਜਾਂਦੀ ਹੋਵੇ। ਭਾਵੇਂ ਕੋਈ ਵਿਅਕਤੀ ਕਿਸੇ ਹੋਰ ਤਬਕੇ ਵਿਚ ਕਿਤਨੀ ਭੀ ਸਤਿਕਾਰਤ ਕਿਉਂ ਨਾ ਹੋਵੇ, ਪਰ ਜੇ ਉਸ ਸਰੋਤਿਆਂ ਦੇ ਮਜ਼ਮੇ ਵਿਚ ਜਿਸ ਦੇ ਸਾਹਮਣੇ ਕੋਈ ਵਕਤਾ ਤਕਰੀਰ ਕਰ ਰਿਹਾ ਹੈ, ਉਸ ਦਾ ਮਾਣ ਨਾ ਹੋਵੇ, ਤਾਂ ਉਸ ਦੇ ਵਾਚਾਂ ਨੂੰ ਪ੍ਰਮਾਣ ਕਰਨਾ ਕੋਈ ਖ਼ਾਸ ਲਾਭ ਨਹੀਂ ਦੇਵੇਗਾ। ਹਾਂ, ਜੇ ਤਕਰੀਰ ਕਿਸੇ ਖ਼ਾਸ ਵਿਗਿਆਨਕਾਂ ਦੇ ਬਚਨ ਹਰ ਸੂਰਤ ਵਿਚ ਆਪਣਾ ਅਸਰ ਪਾ ਜਾਣਗੇ।

ਧਾਰਮਿਕ ਹੁਕਮਾਂ ਨੂੰ ਪ੍ਰਮਾਣ ਕਰਨ ਲਗਿਆਂ ਵਕਤਾ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਜਿਥੇ ਉਨ੍ਹਾਂ ਦੀ ਹੈਸੀਅਤ ਭਾਰੀ ਹੈ ਤੇ ਉਹ ਬਿਲਾ ਉਜ਼ਰ ਮੰਨੇ ਜਾਂਦੇ ਹਨ, ਉਥੇ ਉਨ੍ਹਾਂ ਦੇ ਅਸਰ ਦਾ ਦਾਇਰਾ ਭੀ ਖਾਸ-ਖਾਸ ਹਦਾਂਤ ਹੈ ਤੇ ਵਕਤਾ ਨੂੰ ਤਕਰੀਰ ਕਰਨ ਸਮੇਂ ਕਿਸੇ ਇਕ ਨੂੰ ਪ੍ਰਮਾਣ ਕਰ ਰਿਹਾ ਹੈ; ਉਸ ਦੇ ਮੰਨਣ ਵਾਲਿਆਂ ਦੀ ਹਾਜ਼ਰੀ ਸਰੋਤਿਆਂ ਵਿਚ ਕੁਝ ਹੈ ਭੀ ਕਿ ਨਹੀਂ, ਕਿਉਂਕਿ ਮਜ਼ਹਬੀ ਦੁਨੀਆਂ ਵਿਚ ਆਮ ਤੌਰ 'ਤੇ ਦੂਸਰੇ ਮਜ਼ਹਬੀ ਦੇ ਬਚਨਾਂ ਵੱਲ ਧਿਆਨ ਦੇਣ ਦੀ ਰੁਚੀ ਕੁਝ ਘਟ ਹੈ ਤੇ ਆਮ ਧਾਰਮਿਕ ਜਨਤਾ ਧਰਮ ਦੀ ਸੱਚੀ ਰੂਹ ਨੂੰ ਸਮਝਣ ਦੀ ਥਾਂ ਵਧੇਰੇ ਰਸਮਾਂ ਤੇ ਮਨੌਤਾਂ ਦੀ ਕਾਇਲ ਹੁੰਦੀ ਹੈ। ਉਨ੍ਹਾਂ ਦੇ ਮਨਾਂ 'ਤੇ ਪੀਰ ਨਾਲੋਂ ਪਰੋਹਤ ਦਾ ਵਧੇਰੇ ਪ੍ਰਭਾਵ ਹੁੰਦਾ ਹੈ। ਇਸ ਕਰ ਕੇ ਉਹ ਆਪਣੇ ਮਜ਼ਹਬੀ ਦਾਇਰੇ ਤੋਂ ਬਾਹਰ ਬਿਆਨ ਹੋ ਰਹੀਆਂ ਸਚਾਈਆਂ ਵੱਲ ਵਧੇਰੇ ਗਹੁ ਨਹੀਂ ਕਰਦੇ। ਧਾਰਮਿਕ ਵਚਨਾਂ ਨੂੰ ਪ੍ਰਮਾਣ ਕਰਨ ਵਾਲੇ ਵਕਤਾ ਲਈ ਜ਼ਰੂਰੀ ਹੈ ਕਿ ਉਸ ਨੂੰ ਪ੍ਰਮਾਣ ਕਰਨ ਵਾਲੇ ਬਚਨ ਲਗਾ-ਮਾਤਰਾਂ ਸਹਿਤ ਸਹੀ ਕੰਠ ਹੋਣ ਤੇ ਉਚਾਰ ਸ਼ੁਧ ਹੋਵੇ ਕਿਉਂ ਜੋ ਬਹੁਤ ਵੇਰ ਕਿਸੇ ਲਗ ਮਾਤਰ ਦੀ ਭੁੱਲ ਤੇ ਉਚਾਰ ਦੀ ਢਿੱਲ ਸਰੋਤਿਆਂ ਵਿਚ

ਕੱਟਰਾਂ ਦੀ ਨਰਾਜ਼ਗੀ ਦਾ ਕਾਰਨ ਬਣ ਜਾਂਦੀ ਹੈ ਤੇ ਕਈ ਵੇਰ ਤਾਂ ਉਹ ਵਿੱਚੋਂ ਹੀ ਟੋਕ ਦਿੰਦੇ ਹਨ ਤੇ ਉਸ ਵੇਲੇ ਚੁੱਪ ਵੀ ਕਰ ਰਹਿਣ, ਤਾਂ ਵਕਤਾਂ ਦੀਆਂ ਸਭ ਖ਼ੂਬੀਆਂ ਭਲਾ ਉਸ ਛੋਟੀ ਜਿਹੀ ਤਰੁੱਟੀ ਦੇ ਕਾਰਨ, ਉਸ ਦੇ ਵਿਰੋਧੀ ਪ੍ਰਚਾਰਕ ਬਣ ਬਹਿੰਦੇ ਹਨ। ਧਾਰਮਿਕ ਬਚਨਾਂ ਦੇ ਪ੍ਰਮਾਣ ਕਰਨ ਵਾਲੇ ਨੂੰ ਉਹਨਾਂ ਸ਼ਬਦਾਂ ਦੀ ਵਰਤੋਂ ਦਾ ਭੀ ਪੂਰਾ ਜਾਣੂ ਹੋਣਾ ਚਾਹੀਦਾ ਹੈ, ਜੋ ਉਸ ਮਜ਼ਹਬ ਦੇ ਮੰਨਣ ਵਾਲੇ ਆਪਣੀ ਧਰਮ ਪੋਥੀ, ਪੈਗੰਬਰ ਯਾ ਇਤਿਹਾਸਕ ਵਿਅਕਤੀਆਂ ਦੇ ਨਾਮਾਂ ਨੂੰ ਪੁਕਾਰਨ ਲਗਿਆਂ ਜ਼ਰੂਰੀ ਸਮਝਦੇ ਹੋਣ ਕਿਉਂ ਜੋ ਅਜਿਹਾ ਨਾ ਕਰਨ ਦੀ ਸੂਰਤ ਵਿਚ ਵਕਤਾ ਬਹੁਤ ਵੇਰੀ ਸਰੋਤਿਆਂ ਦੀ ਖੁਸ਼ੀ ਦੀ ਥਾਂ ਨਰਾਜ਼ਗੀ ਦਾ ਪਾਤਰ ਬਣ ਜਾਂਦਾ।

ਕੁਝ ਹੋਰ ਵਿਚਾਰਾਂ

ਆਰੰਭ ਸ਼ੁਰੂ-ਸ਼ੁਰੂ ਵਿਚ ਵਕਤਾ ਲਈ ਤਕਰੀਰ ਦਾ ਆਰੰਭ ਕਰਨਾ ਬੜਾ ਮੁਸ਼ਕਲ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਸਿਆਣੇ ਨੇ ਕਿਹਾ ਹੈ, "[੧]ਚੰਗਾ ਆਰੰਭ ਅੱਧੀ ਸਫਲਤਾ ਹੈ।" ਅਸਲ ਵਿਚ ਹੀ ਤਕਰੀਰ ਦਾ ਆਰੰਭ ਸੋਹਣਾ ਹੋ ਜਾਵੇ, ਤਾਂ ਉਹ ਆਮ ਤੌਰ 'ਤੇ ਹੀ ਸਫਲਤਾ ਨਾਲ ਨਿਬ ਜਾਂਦੀ ਹੈ ਪਰ ਆਰੰਭ ਕਰਨਾ ਆਪਣੀ ਜ਼ਾਤ ਵਿਚ ਇਕ ਖਾਸ ਹੁਨਰ ਹੈ। ਬਹੁਤ ਸਾਰੇ ਵਕਤਾ ਇਸ ਤੋਂ ਅਨਜਾਣ ਹੋਣ ਕਰ ਕੇ ਆਪਣੇ ਵਕਤ ਦਾ ਇਕ ਖ਼ਾਸ ਹਿੱਸਾ ਵਿਅਰਥ ਗਵਾ ਬਹਿੰਦੇ ਹਨ ਤੇ ਤਕਰੀਰ ਦਾ ਪ੍ਰਭਾਵ ਕਾਇਮ ਹੁੰਦਿਆਂ ਤਕ ਉਨ੍ਹਾਂ ਦਾ ਵਕਤ ਖ਼ਤਮ ਹੋ ਜਾਂਦਾ ਹੈ। ਤਕਰੀਰ ਆਰੰਭ ਵਿਚ ਕੁਝ ਗੱਲਾਂ ਤੋਂ ਬਚਣਾ ਤੇ ਕੁਝ ਇਕ ਸਾਧਨਾਂ ਨੂੰ ਵਰਤਣਾ ਚਾਹੀਦਾ ਹੈ। ਪਹਿਲੇ ਉਹ ਗੱਲਾਂ ਲੈ ਲਈਏ, ਜਿਨ੍ਹਾਂ ਤੋਂ ਬਚਣਾ ਜ਼ਰੂਰੀ ਹੈ—

੧. ਲੰਬੀ ਭੂਮਿਕਾ—ਬਹੁਤ ਸਾਰੇ ਵਕਤਾ ਖ਼ਾਸ ਤੌਰ 'ਤੇ ਮਜ਼ਹਬੀ ਸਟੇਜਾਂ 'ਤੇ ਤਕਰੀਰ ਕਰਨ ਵੇਲੇ ਆਪਣੇ ਵਿਆਖਿਆਨ ਦੀ ਭੂਮਿਕਾ ਇਨਤੀ ਲੰਬੀ ਛੇੜ ਬਹਿੰਦੇ ਹਨ ਕਿ ਉਸ ਵਿਚ ਉਲਝ ਕੇ ਮੂਲ ਮਜ਼ਮੂਨ ਵੱਲੋਂ ਬਹੁਤ ਦੂਰ ਚਲੇ ਜਾਂਦੇ ਹਨ ਅਤੇ ਵਕਤ ਗੁਜ਼ਰਨ ਤਕ ਸਰੋਤਿਆਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਵਕਤਾ ਕਿਸ ਮਜ਼ਮੂਨ 'ਤੇ ਬੋਲਣਾ ਚਾਹੁੰਦੇ ਸਨ। ਸਾਨੂੰ ਕਈ ਵੇਰਾਂ ਅਜਮੇਰ ਦੇ ਇਕ ਭਾਰੀ ਧਰਮ ਸੰਮੇਲਣ ਵਿਚ ਜਾਣ ਦਾ ਮੌਕਾ ਮਿਲਿਆ। ਹਰ ਇਕ ਮਜ਼ਹਬ ਦਾ ਇਕ ਪ੍ਰਤੀਨਿਧ ਬੋਲਣ ਵਾਲਿਆਂ ਵਿਚ ਹੋਣ ਕਰ ਕੇ ਵਕਤਾ ਬਹੁਤ ਸਾਰੇ ਸਨ, ਜਿਸ ਕਰ ਕੇ ਹਰ ਇਕ ਨੂੰ ਅੱਧਾ-ਅੱਧਾ ਘੰਟਾ ਬੋਲਣ ਲਈ ਵਕਤ ਦਿੱਤਾ

---

੧. *Well begun is half done.*

ਗਿਆ। ਇਕ ਮੌਲਾਨਾ ਜੋਸ਼ ਮਸੁਲ-ਉਲਮਾ (ਵਿਦਵਾਨਾਂ ਦਾ ਸੂਰਜ) ਭੀ ਸਨ, ਤਕਰੀਰ ਕਰਨ ਲਈ ਖੜ੍ਹੇ ਹੋਏ। ਪ੍ਰਧਾਨ ਦੇ ਬਾਰ-ਬਾਰ ਘੰਟੀਆਂ ਬਜਾਣ 'ਤੇ ਪਰਚੀਆਂ ਲਿਖ ਦੇਣ ਦੇ ਬਾਜੂਦ ਵੀ ਆਪ ਕੋਈ ਪੌਣੇ ਦੋ ਘੰਟੇ ਬੋਲਦੇ ਰਹੇ। ਜਦ ਸਭਾਪਤੀ ਨੇ ਆਪ ਨੂੰ ਬੈਠਨ ਤੇ ਮਜ਼ਬੂਰ ਹੀ ਕਰ ਦਿੱਤਾ ਤਾਂ ਆਪ ਨੇ ਕਿਹਾ ਕਿ ਅਜੇ ਤਾਂ ਮੇਰੇ ਮਜ਼ਮੂਨ ਦੀ ਤਮਹੀਦ ਭੀ ਨਹੀਂ ਬੱਝੀ। ਮਜਲਸ ਉਨ੍ਹਾਂ ਦੇ ਇਸ ਕਰਨ 'ਤੇ ਹੱਸ ਪਈ ਤੇ ਲੋਕ ਕਹਿਣ ਲੱਗੇ ਕਿ ਜਿਸ ਲੈਕਚਰ ਦੀ ਭੂਮਿਕਾ ਲਈ ਦੋ ਘੰਟੇ ਚਾਹੀਦੇ ਹਨ, ਉਹ ਮਜ਼ਮੂਨ 'ਤੇ ਤਕਰੀਰ ਤਾਂ ਸ਼ਾਇਦ ਦੋ ਹਫ਼ਤਿਆਂ ਵਿਚ ਮੁੱਕ ਸਕੇ।

ਮੌਲਾਨਾ ਸਾਹਿਬ ਆਪਣੀ ਵਿਦਵਤਾ ਦੇ ਬਾਵਜੂਦ ਲੰਬੀ ਭੂਮਿਕਾ ਬੰਨਣ ਕ ਰਕੇ ਨਾ ਆਪਣਾ ਮਜ਼ਮੂਨ ਬਿਆਨ ਕਰ ਸਕੇ ਤੇ ਨਾ ਹੀ ਆਪਣੀ ਲਿਆਕਤ ਦਾ ਅਸਰ ਪਾ ਸਕੇ। ਕਿਸੇ ਕਵੀ ਨੇ ਅਜਿਹੇ ਬੁਲਾਰਿਆਂ ਦੇ ਮੁਤੱਲਕ ਹੀ ਕਿਹਾ ਹੈ, [2]ਯਾਰ ਦਾ ਪੈਰ ਆਪਣੀ ਲੰਬੀਆਂ ਜੁਲਫਾਂ ਵਿਚ ਉਲਝ ਗਿਆ ਤੇ ਸ਼ਿਕਾਰੀ ਆਪਣੇ ਜਾਲ ਵਿਚ ਆਪ ਹੀ ਫ਼ਸ ਕੇ ਰਹਿ ਗਿਆ" ਕਾਮਯਾਬ ਵਕਤਾ ਅਵਲ ਤਾਂ ਭੂਮਿਕਾ ਬੰਨ੍ਹਣ ਦੀ ਲੋੜ ਹੀ ਨਹੀਂ ਸਮਝਦੇ ਉਹ ਸਿੱਧੇ ਹੀ ਆਪਣੇ ਮਜ਼ਮੂਨ ਨੂੰ ਸਰੋਤਿਆਂ ਦੇ ਮਨ 'ਤੇ ਇਕ ਦਮ ਯਤਨ ਕਰਦੇ ਹਨ ਤੇ ਕਿਤੇ ਭੂਮਿਕਾ ਦੀ ਲੋੜ ਪ੍ਰਤੀਤ ਭੀ ਹੋਵੇ, ਤਾਂ ਉਹ ਬਹੁਤ ਛੋਟੀ ਇਕ ਦੋ ਫ਼ਿਕਰਿਆਂ ਵਿਚ ਕਹਿ ਕੇ ਆਪਣੇ ਮਤਲਬ ਨੂੰ ਸ਼ੁਰੂ ਕਰ ਦਿੰਦੇ ਹਨ।

ਤਕਰੀਰ ਦੇ ਆਰੰਭ ਵਿਚ ਬਨਾਵਟੀ ਜਿਹੀ ਨਿਮਰਤਾ ਦਿਖਾਈ ਭੀ ਬੜੀ ਕੋਝੀ ਹੈ। ਬਹੁਤ ਸਾਰੇ ਵਕਤਾ ਕਹਿਣ ਲੱਗ ਪੈਣਗੇ, "ਜੀ ਮੈਨੂੰ ਤਾਂ ਕੁਝ ਆਉਂਦਾ ਨਹੀਂ, ਮੈਂ ਇਕ ਅਨਜਾਣ ਬੱਚਾ ਹਾਂ।" ਇਹੋ ਜਿਹੀਆਂ ਬੇਲੋੜ ਤੇ ਬਨਾਵਟੀ ਨਿਮਰਤਾ ਭਰੀਆਂ ਗੱਲਾਂ ਤਕਰੀਰ ਦੇ ਆਰੰਭ ਨੂੰ ਬਹੁਤ ਫਿੱਕਾ, ਕਮਜ਼ੋਰ 'ਤੇ ਪ੍ਰਭਾਵ ਰਹਿਤ ਬਣਾ ਦੇਂਦੀਆਂ ਹਨ। ਵਕਤਾ

---

੨. ਪਾਉਂ ਉਲਝਾ ਯਾਰ ਕਾ ਜ਼ੁਲਫੇ ਦਰਾਜ਼ ਮੇਂ,
ਖ਼ੁਦ ਆਪ ਅਪਨੇ ਦਾਮ ਮੇਂ ਸਯਾਦ ਫੰਸ ਗਿਆ।

ਦੀ ਮਾਨਸਿਕ ਕਮਜ਼ੋਰੀ ਉਸ ਦੇ ਫ਼ਿਕਰੇ-ਫ਼ਿਕਰੇ ਵਿੱਚੋਂ ਟਪਕਣ ਲੱਗ ਪੈਂਦੀ ਹੈ । ਉਹ ਸਰੋਤਿਆਂ ਦੀ ਸੁਰਤ ਨੂੰ ਬੰਨ੍ਹ ਨਹੀਂ ਸਕਦਾ । ਇਸ ਲਈ ਅਜਿਹੇ ਬਨਾਉਟੀ ਫਿਕਰਿਆਂ ਤੋਂ ਬਚਣਾ ਚਾਹੀਦਾ ਹੈ । ਜੇ ਤਕਰੀਰ ਦੇ ਅੰਤ ਵਿਚ ਖ਼ਾਸ ਤੇ ਮਜ਼ਹਬੀ ਸਭਾਵਾਂ ਵਿਚ ਜੇ ਕੋਈ ਸਰੋਤਿਆਂ ਕੋਲੋਂ ਆਪਣੀ ਭੁੱਲ ਚੁੱਕ ਲਈ, ਜਿਸ ਦੀ ਸਭਾਵਨਾ ਮਨੁੱਖ ਤੋਂ ਹੋ ਸਕਦੀ ਹੈ, ਖਿਮਾਂ ਮੰਗ ਲਵੇ, ਤਾਂ ਕੋਈ ਬੁਰੀ ਬਾਤ ਨਹੀਂ ਪਰ ਆਰੰਭ ਵਿਚ ਇਹੋ ਜਿਹੀਆਂ ਬਨਾਵਟੀ ਗੱਲਾਂ ਲੈ ਬਹਿਣੀਆਂ, ਕੋਝੀਆਂ ਹਨ । ਵਕਤਾ ਦਾ ਆਪਣੇ ਆਪ ਨੂੰ ਬਿਆਨ ਕਰਨਾ, ਅਸਲ ਵਿਚ ਸਰੋਤਿਆਂ ਦੀ ਤੌਹੀਨ ਹੈ । ਇਸ ਦੇ ਇਹ ਅਰਥ ਹੋਏ ਕਿ ਉਨ੍ਹਾਂ ਦਾ ਵਕਤ ਫਾਲਤੂ ਹੈ, ਜਿਸ ਨੂੰ ਉਹ ਇਕ ਅਨਜਾਣ ਦੀਆਂ ਬੇਥਵੀਆਂ ਗੱਲਾਂ ਸੁਣਨ ਵਿਚ ਲਗਾਣਾ ਚਾਹੁੰਦੇ ਹਨ ।

ਆਰੰਭ ਸਮੇ ਬਹੁਤ ਹਾਸ-ਰਸ ਭੀ ਪੈਦਾ ਨਹੀਂ ਕਰਨਾ ਚਾਹੀਦਾ, ਕਿਉਂ ਜੋ ਅਜਿਹਾ ਕਰਨ ਨਾਲ ਵਕਤਾ ਦੀ ਗੰਭੀਰਤਾ ਦਾ ਅਸਰ ਸਰੋਤਿਆਂ 'ਤੇ ਨਹੀਂ ਰਹੇਗਾ ਤੇ ਉਸ ਦੇ ਬਚਨਾਂ ਨੂੰ ਬਹੁਤ ਗੌਰਵਤਾ ਨਹੀਂ ਦੇਣਗੇ । ਹਾਸ-ਰਸ ਦੀ ਵਰਤੋਂ ਤਕਰੀਰ ਦੇ ਵਿਚ ਵਿਚ ਕਦੀ ਕੋਈ ਹੋ ਜਾਣੀ ਕੋਈ ਮਾੜੀ ਗੱਲ ਨਹੀਂ ਪਰ ਵਕਤਾ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਤਕਰੀਰ ਵਿਚ ਹਾਸ-ਰਸ ਦੀ ਉਹ ਥਾਂ ਹੈ, ਜੋ ਸੁੰਦਰ ਖਾਣਿਆਂ ਦੇ ਭਰੇ ਪਰੋਸੇ ਹੋਏ ਥਾਲ ਵਿਚ ਚਟਣੀ ਦੀ, ਜਿਸ ਤਰ੍ਹਾਂ ਕੋਈ ਸਿਆਣਾ ਰਸੋਈਆ ਭੋਜਨ ਦੇ ਆਰੰਭ ਵਿਚ ਚਟਣੀ ਦੀ ਪਿਆਲੀ ਨਹੀਂ ਭਰ ਕੇ ਰੱਖ ਦੇਂਦਾ, ਇਸੇ ਤਰ੍ਹਾਂ ਹੀ ਸਿਆਣੇ ਵਕਤਾ ਨੂੰ ਤਕਰੀਰ ਦਾ ਆਰੰਭ ਹਾਸ-ਰਸ ਪੂਰਤ ਗੱਲਾਂ ਨਾਲ ਨਹੀਂ ਕਰਨਾ ਚਾਹੀਦਾ, ਅਜਿਹਾ ਕਰਨ ਨਾਲ ਉਸ ਦੀ ਤਕਰੀਰ ਹੌਲੀ ਪੈ ਜਾਵੇਗੀ ਤੇ ਉਸ ਦਾ ਅਸਰ ਮਨਾਂ ਦੀਆਂ ਡੂੰਘਾਈਆਂ ਤੀਕਰ ਨਹੀਂ ਪੁੱਜ ਸਕੇਗਾ ।

ਕਿਸੇ ਲੰਬੀ ਕਹਾਣੀ ਨਾਲ ਤਕਰੀਰ ਦਾ ਆਰੰਭ ਨਹੀਂ ਕਰਨਾ ਚਾਹੀਦਾ, ਕਿਉਂ ਜੋ ਅਜਿਹਾ ਕਰਨ ਨਾਲ ਇਕ ਤਾਂ ਵਕਤਾ ਦਾ ਬਹੁਤ ਹਿੱਸਾ ਉਹ ਕਹਾਣੀ ਲੈ ਜਾਵੇਗੀ ਤੇ ਦੂਜੇ ਕਹਾਣੀ ਦੇ ਮੁਖਤਲਿਫ਼ ਪਹਿਲੂ

ਹੋਣ ਕਰ ਕੇ ਸਰੋਤਿਆਂ ਦੀ ਬਿਰਤੀ ਦਾ ਟਿਕਾਓ ਕਿਸੇ ਇਕ ਨੁਕਤੇ 'ਤੇ ਨਹੀਂ ਹੋ ਸਕੇਗਾ, ਸਗੋਂ ਉਸ ਵਿਚ ਖਿੰਡਾਓ ਪੈਦਾ ਹੋਣ ਕਰ ਕੇ ਤਕਰੀਰ ਦਾ ਪ੍ਰਭਾਵ ਘਟੇਗਾ। ਹਾਂ, ਜੇ ਕੋਈ ਬਹੁਤ ਛੋਟੀ ਜਿਹੀ ਢੁਕਵੀਂ ਸਾਖੀ ਹੋਵੇ, ਤਾਂ ਉਸ ਤੋਂ ਆਰੰਭ ਕਰਨ ਵਿਚ ਕੋਈ ਹਰਜ ਨਹੀਂ, ਪਰ ਲਗਦੇ ਵਾਹ ਸਾਖੀ ਨਾਲ ਆਰੰਭ ਕਰਨ ਤੋਂ ਬਚਾ ਹੀ ਕਰਨਾ ਚਾਹੀਦਾ ਹੈ।

ਕਈ ਵਕਤਾ ਆਰੰਭ 'ਸਮੇਂ ਬਹੁਤ ਸੁੰਦਰ ਫ਼ਿਕਰੇ ਅਲੰਕਾਰਾਂ ਦੀ ਵਰਤੋਂ ਕਰਦੇ ਹਨ। ਅਜਿਹਾ ਕਰਨਾ ਮਾੜਾ ਨਹੀਂ, ਜੇ ਉਹ ਅਖੀਰ ਤਕ ਉਸੇ ਤਾਰ ਵਿਚ ਤਕਰੀਰ ਨੂੰ ਨਿਭਾ ਸਕਦੇ ਹੋਣ ਪਰ ਜੇ ਪੂੰਜੀ ਥੋੜ੍ਹੀ ਹੋਵੇ ਤੇ ਪਿੱਛੋਂ ਫਿੱਕੇ ਪੈ ਜਾਣ ਦੀ ਸੰਭਾਵਨਾ ਹੋਵੇ, ਤਾਂ ਆਰੰਭ ਵਿਚ ਬਾਹਲਾ ਟਿੱਲ ਨਹੀਂ ਲਗਾ ਦੇਣਾ ਚਾਹੀਦਾ। ਵਕਤਾ ਨੂੰ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਅਵਲ ਤਾਂ ਉਸ ਦੀ ਤਕਰੀਰ ਦੀ ਤਾਰ ਇਕ-ਰਸ ਕਾਇਮ ਰਹੇ। ਜੇ ਅਜੇਹਾ ਨਾ ਹੋ ਸਕੇ ਤਾਂ ਆਰੰਭ ਭਾਵੇਂ ਸਾਧਾਰਨ ਹੋਵੇ, ਪਰ ਮੱਧ ਉੱਚਾ ਤੇ ਅੰਤ ਚੋਟੀ 'ਤੇ ਪੁੱਜ ਜਾਏ।

ਹੁਣ ਆਈਏ ਉਨ੍ਹਾਂ ਵੱਲ ਜਿਨ੍ਹਾਂ ਦੀ ਮਦਦ ਨਾਲ ਆਰੰਭ ਚੰਗਾ ਕੀਤਾ ਜਾ ਸਕਦਾ ਹੈ—

੧. ਕਿਸੇ ਐਸੇ ਵਾਕੇ ਦਾ ਬਿਆਨ ਕਰਨਾ, ਜਿਸ ਵਿਚ ਜਨਤਾ ਵਿਚ ਅਸਚਰਜਤਾ ਪੈਦਾ ਹੋ ਜਾਵੇ, ਤਕਰੀਰ ਦੇ ਆਰੰਭ ਲਈ ਬੜਾ ਸਹਾਇਕ ਹੈ। ਅਜਿਹਾ ਕਰਨ ਨਾਲ ਸਰੋਤਿਆਂ ਦੇ ਮਨ ਵਿਚ ਅਸਚਰਜਤਾ ਦਾ ਜਜ਼ਬਾ ਪੈਦਾ ਹੋ ਕੇ ਉਸ ਦੀ ਤਸੱਲ ਲਈ ਪ੍ਰਸ਼ਨ ਪੈਦਾ ਹੋਣਗੇ, ਜਿਨ੍ਹਾਂ ਪ੍ਰਸ਼ਨਾਂ ਦਾ ਉਤਰ ਉਹ ਤੁਹਾਡੀ ਤਕਰੀਰ ਵਿੱਚੋਂ ਲੱਭਣਾ ਚਾਹੁੰਣਗੇ। ਜਿਸ ਕਰ ਕੇ ਉਹ ਇਕ ਮਨ ਹੋ ਸਾਰੀ ਤਵਜੋਂ ਤੁਹਾਡੀ ਤਕਰੀਰ ਵੱਲ ਜੋੜ ਦੇਣਗੇ। ਮਿਸਾਲ ਦੇ ਤੌਰ 'ਤੇ ਇਕ ਭੂਗੋਲ ਵਿਦਿਆ 'ਤੇ ਲੈਕਚਰ ਦੇਣਾ ਚਾਹੁੰਦਾ ਹੈ, ਜੇ ਉਹ ਇਸ ਤਰ੍ਹਾਂ ਸ਼ੁਰੂ ਕਰੇ, "ਤੁਸੀਂ ਜਾਣਦੇ ਹੋ ਕਿ ਕੋਇਟੇ ਦਾ ਭੁਚਾਲ ਕਿਉਂ ਆਇਆ ਸੀ, ਜਿਸ ਭੁਚਾਲ ਦੇ ਦੋ ਹਲੂਣੇ ਨਾਲ ਸੈਂਕੜੇ ਮਕਾਨ ਡਿੱਗ ਗਏ, ਹਜ਼ਾਰਾਂ ਹੀ ਇਨਸਾਨ

ਮਰ ਗਏ ਤੇ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਆਓ ਮੈਂ ਅੱਜ ਆਪ ਨੂੰ ਇਸ ਦਾ ਕਾਰਨ ਦਸਾਂ।" ਇਹਨਾਂ ਸ਼ਬਦਾਂ ਨਾਲ ਆਰੰਭ ਕੀਤੀ ਹੋਈ ਤਕਰੀਰ ਸਰੋਤਿਆਂ ਵਿਚ ਇਕ ਅਸਚਰਜਤਾ ਦੀ ਲਹਿਰ ਚਲਾ ਦੇਵੇਗੀ। ਭੁਚਾਲ ਪੀੜਤ ਲੋਕਾਂ ਨਾਲ ਹਮਦਰਦੀ ਦਾ ਜਜ਼ਬਾ, ਘਟਨਾ ਦੀਆਂ ਪੁਰਾਣੀਆਂ ਯਾਦਾਂ ਤੇ ਹਰ ਕਾਰਜ ਦੇ ਲੁਕਵੇਂ ਕਾਰਨ ਦੀ ਖੋਜ ਕਰਨ ਦਾ ਮਨੁੱਖ ਸੁਭਾਵ ਮਿਲ ਕੇ ਜਨਤਾ ਨੂੰ ਮੂਰਤੀ ਬਣਾ ਕੇ ਤੁਹਾਡੀ ਤਕਰੀਰ ਵਿਚ ਲਗਾ ਦੇਣਗੇ ਤੇ ਵਕਤਾ ਨੂੰ ਸਰੋਤਿਆਂ ਦੀਆਂ ਮਨੋ-ਬਿਰਤੀਆਂ ਨੂੰ ਇਕੱਠਾ ਕਰਨ ਲਈ ਹੋਰ ਵਧੇਰੇ ਯਤਨ ਕਰਨ ਦੀ ਕੋਈ ਜਰੂਰਤ ਨਾ ਰਹੇਗੀ।

ਤਕਰੀਰ ਦੇ ਸੁੰਦਰ ਆਰੰਭ ਲਈ ਦੂਜਾ ਸਾਧਨ ਹੈ— ਮਨੋਹਰ ਅਲੰਕਾਰਾਂ ਦੀ ਵਰਤੋਂ। ਜੇ ਕੁਦਰਤੀ ਅਲੰਕਾਰ ਵਰਤੇ ਜਾਣ, ਤਾਂ ਹੋਰ ਭੀ ਚੰਗਾ ਹੈ। ਕਿਸੇ ਰਮਣੀਕ ਮੌਸਮ, ਸੁੰਦਰ ਅਸਥਾਨ 'ਤੇ ਹਰਮਨ ਪਿਆਰੀ ਹੋਣੀ ਦੇ ਕਥਨ ਤੋਂ ਆਰੰਭ ਕਰਨਾ ਤਕਰੀਰ ਦੀ ਸਫਲਤਾ ਵਿਚ ਬੜਾ ਸਹਾਇਕ ਰਹਿੰਦਾ ਹੈ। ਵਕਤਾ ਸਾਵਣ ਦੇ ਮਹੀਨੇ ਵਿਚ ਕਿਧਰੇ ਲੈਕਚਰ ਦੇ ਰਿਹਾ ਹੈ, ਉਹ ਜਨਤਾ ਨੂੰ ਕਿਸੇ ਖਾਸ ਅੰਦੋਲਨ ਲਈ ਉਠਾਣਾ ਚਾਹੁੰਦਾ ਹੈ, ਜੇ ਉਹ ਆਪਣੀ ਤਕਰੀਰ ਨੂੰ ਇਸ ਤਰ੍ਹਾਂ ਆਰੰਭ ਕਰੇ, ਤਾਂ ਕਿਤਨਾ ਚੰਗਾ ਰਹੇ ? "ਇਹ ਬਰਸਾਤ ਦਾ ਮੌਸਮ ਹੈ, ਸਾਵਣ ਦਾ ਮਹੀਨਾ ਹੈ, ਰਹਿਮਤ ਦੀਆਂ ਬੂੰਦਾਂ ਬਰਸ ਰਹੀਆਂ ਹਨ। ਇਹਨਾਂ ਕਣੀਆਂ ਨੂੰ ਦੁਨੀਆਂ ਤਰਸ ਰਹੀ ਸੀ, ਪਪੀਹਾ ਡਾਲੀ 'ਤੇ ਬੈਠਾ ਬੇਚੈਨ ਹੋ 'ਮੀਂਹ ਆ, ਮੀਂਹ ਆ ਕੂਕ ਰਿਹਾ ਸੀ। ਕਿਸਾਨਾਂ ਦੀਆਂ ਮਸੂਮ ਕੁੜੀਆਂ ਬੱਦਲ ਨੂੰ ਤੱਕ ਤੱਕ ਕੇ ਆਖ ਰਹੀਆਂ ਸਨ 'ਕਾਲੀਆਂ ਇੱਟਾਂ ਕਾਲੇ ਰੋੜ ਮੀਂਹ ਵਸਾ ਦੇ ਜ਼ੋਰੋ ਜ਼ੋਰ।' ਮੀਂਹ ਦੀ ਇਤਨੀ ਤਾਂਘ ਕਿਉਂ ਸੀ, ਇਸ ਵਾਸਤੇ ਕਿ ਉਸ ਦੀ ਕਣੀ ਵਿਚ ਬਨਾਸਪਤੀ ਦੇ ਨਵ-ਜੀਵਨ ਦਾ ਖਜਾਨਾ ਬੰਦ ਸੀ। ਸਾਵਣ ਦੀਆਂ ਬੂੰਦਾਂ ਨਾਲ ਸਾਰੀ ਸ੍ਰਿਸ਼ਟੀ ਸਰਸਬਜ਼ ਹੋ ਉਠਦੀ ਹੈ। ਕਲੀਆਂ 'ਤੇ ਨਵਾਂ ਨਿਖਾਰ ਆਉਂਦਾ ਹੈ। ਕੀ ਇਸ ਸਾਵਣ ਦਾ ਅਸਰ ਸਾਡੇ ਮਨਾਂ 'ਤੇ ਨਹੀਂ ਪਵੇਗਾ ? ਸਾਡੇ

ਕੌਮੀ ਜੀਵਨ ਵਿਚ ਨਵੇਂ ਖੇੜੇ ਨਹੀਂ ਆਉਣਗੇ ? ਸਾਡੀ ਖਿਜ਼ਾ ਬਹਾਰ ਵਿਚ ਨਹੀਂ ਬਦਲੇਗੀ ?" ਇਸ ਤਰ੍ਹਾਂ ਮੌਸਮ ਦੇ ਅਲੰਕਾਰ ਦੇ ਆਸਰੇ ਆਰੰਭ ਕੀਤੀ ਹੋਈ ਤਕਰੀਰ ਛੇਤੀ ਹੀ ਜਨਤਾ ਦੀ ਬਿਰਤੀ ਨੂੰ ਇਕਾਗਰ ਕਰ ਲੈਂਦੀ ਹੈ ।

ਕਿਸੇ ਵਿਸ਼ੇਸ਼ ਥਾਂ ਦਾ ਜ਼ਿਕਰ ਉਸ ਦੀ ਸੁੰਦਰਤਾ ਤੇ ਇਤਿਹਾਸਕ ਗੌਰਵ ਦਾ ਬਿਆਨ ਕਰਨਾ ਭੀ ਤਕਰੀਰ ਦੇ ਆਰੰਭ ਲਈ ਬੜਾ ਸਹਾਇਕ ਹੋ ਸਕਦਾ ਹੈ। ਜੇ ਕੋਈ ਵਕਤਾ ਮੁਗਲ ਰਾਜ ਦੀ ਬਰਬਾਦੀ ਦੇ ਮਜ਼ਮੂਨ 'ਤੇ ਲੈਕਚਰ ਦੇਣ ਲੱਗਾ ਪਹਿਲਾਂ ਫਤੇਹਪੁਰ ਸੀਕਰੀ ਦੇ ਮਹੱਲ, ਕਸ਼ਮੀਰ ਵਿਚ ਬਣਾਏ ਹੋਏ ਮੁਗਲਾਂ ਦੇ ਬਾਗ ਯਾ 'ਰੋਜ਼ਾ ਤਾਜ਼ ਮਹੱਲ' ਦੀ ਖ਼ੂਬਸੂਰਤੀ ਦਾ ਜ਼ਿਕਰ ਕਰ ਕੇ ਤਕਰੀਰ ਨੂੰ ਆਰੰਭ ਕਰੇ ਤੇ ਫਿਰ ਪੁੱਛੇ, ਇਹਨਾਂ ਆਲੀਸ਼ਾਨ ਇਮਾਰਤਾਂ ਦੇ ਬਨਾਉਣ ਵਾਲੇ ਕਿਧਰ ਗਏ ? ਉਹਨਾਂ ਦਾ ਰਾਜ ਕਿਉਂ ਨਸ਼ਟ ਹੋਇਆ ? ਤਾਂ ਯਕੀਨਨ ਮਜਮੂਨ ਸ਼ੁਰੂ ਤੋਂ ਹੀ ਦਿਲਚਸਪ ਹੋ ਕੇ, ਜਨਤਾ ਦੀ ਰੁਚੀ ਆਪਣੇ ਵੱਲ ਖਿੱਚ ਲਵੇਗਾ। ਇਸੇ ਤਰ੍ਹਾਂ ਹੀ ਮੁਸਲਮਾਨ ਮਜ੍ਹਮੇ ਨੂੰ ਕੁਰਬਾਨੀ ਲਈ ਉਭਾਰਨ ਵਾਸਤੇ ਕਰਬਲਾ ਦੇ ਮੁਕਾਮ ਦੇ ਜ਼ਿਕਰ ਤੋਂ ਆਰੰਭ ਕਰਨਾ, ਸਿੱਖ ਦੇ ਮਾਨਸਿਕ ਜਜ਼ਬਿਆਂ ਵਿਚ ਟਕੋਰ ਮਾਰਨ ਲਈ ਚਮਕੌਰ ਦਾ ਨਕਸ਼ਾ ਬੰਨ੍ਹਣਾ ਹਿੰਦੁਸਤਾਨੀ ਦੇ ਜਜ਼ਬਿਆਂ ਵਿਚ ਜੋਸ਼ ਪੈਦਾ ਕਰਨ ਲਈ ਜਲ੍ਹਿਆ ਵਾਲੇ ਬਾਗ ਦਾ ਜ਼ਿਕਰ, ਅੰਗਰੇਜ਼ ਦੀ ਵਤਨ-ਪ੍ਰਸਤੀ ਜਗਾਣ ਲਈ ਟੇਮਜ਼ ਦਰਿਆ ਦੀ ਸੁੰਦਰਤਾ ਬਿਆਨ ਕਰਨੀ, ਰੂਸੀ ਲਈ ਵਾਂਲਗਾ, ਮਿਸਰੀ ਲਈ ਨੀਲ ਤੇ ਹਿੰਦੂ ਲਈ ਗੰਗਾ ਦਰਿਆ ਦਾ ਕਥਨ ਕਰ ਕੇ ਤਕਰੀਰ ਨੂੰ ਆਰੰਭਣਾ ਸਫਲਤਾ ਨੂੰ ਬਹੁਤ ਨੇੜ੍ਹੇ ਲੈ ਆਵੇਗਾ ।

ਇਸੇ ਤਰ੍ਹਾਂ ਹੀ ਖਾਸ ਕਿਸਮ ਦੇ ਵਾਕਿਆਤ ਦਾ ਹਵਾਲਾ ਦੇ ਕੇ ਤਕਰੀਰ ਨੂੰ ਆਰੰਭ ਕਰਨਾ ਭੀ ਬੜਾ ਸਹਾਇਕ ਰਹਿੰਦਾ ਹੈ। ਅਮਰੀਕਾ ਦੇ ਐਸਵਰਜ 'ਤੇ ਤਕਰੀਰ ਕਰਨ ਵਾਲਾ ਆਦਮੀ ਜੇ ਕਲੰਬਸ ਦੇ ਉਸ ਵਾਕਿਆ ਦੇ ਜਿਕਰ ਤੋਂ ਸ਼ੁਰੂ ਕਰੇ, ਜਦ ਕਿ ਉਹ ਨਵੀਂ ਦੁਨੀਆਂ ਲੱਭਣ ਲਈ ਤੁਰਿਆ ਸੀ। ਤਾਂ ਬੜਾ ਚੰਗਾ ਰਹੇਗਾ, ਕੋਸ਼ਿਸ਼ ਸਿਕਲ (Gravity)

ਤੇ ਲੈਕਚਰ ਦੇਣ ਵਾਲਾ ਜਦ ਨਿਊਟਨ ਦੀ ਛਾਤੀ ਤੇ ਸੇਬਾਂਗਰਨ ਦੇ ਵਾਕਿਆ ਤੋਂ ਸ਼ੁਰੂ ਕਰਦਾ ਹੈ ਯਾ ਕਬੀਰ ਦੀ ਰੂਹਾਨੀਅਤ 'ਤੇ ਲੈਕਚਰ ਦੇਣ ਵਾਲਾ, ਉਸ ਦੇ ਗੁਰੂ ਰਾਮਾਨੰਦ ਦਾ, ਪੈਰ ਦੀ ਠੋਹਕਰ ਮਾਰ ਕੇ ਉਸ ਨੂੰ ਕਹਿਣ 'ਉਠ ਰੇ ਰਾਮ ਕੇ ਰਾਮ ਕਹੇ' ਦਾ ਵਾਕਿਆ ਬਿਆਨ ਕਰਦਾ ਹੈ। ਜਾਂ ਸਿੱਖ ਕੌਮ ਦੀਆਂ ਕੁਰਬਾਨੀਆਂ 'ਤੇ ਲੈਕਚਰ ਦੇਣ ਵਾਲਾ, ਅਨੰਦਪੁਰ ਦੇ ਉਸ ਵਾਕੇ ਦਾ ਜਿਕਰ ਕਰਦਾ ਹੈ, ਜਦ ਕਿ ਸਤਿਗੁਰਾਂ ਦੇ ਆਰੰਭ ਵਿਚ ਹੀ ਪੰਜਾਂ ਸਿਰਾਂ ਦੀ ਕੁਰਬਾਨੀ ਮੰਗੀ ਸੀ, ਮਨੁੱਖ ਜ਼ਾਤੀ ਦੇ ਉੱਚਾ ਚੁੱਕਣ ਵਾਲਿਆਂ ਦੀਆਂ ਕੁਰਬਾਨੀਆਂ 'ਤੇ ਤਕਰੀਰ ਕਰਦਿਆਂ ਹੋਇਆ ਜਦ ਕੋਈ ਵਕਤਾ ਆਰੰਭ ਮਹਾਰਾਜ ਸ੍ਰੀ ਰਾਮ ਚੰਦਰ ਦੇ ਪਿਤਾ ਦੀ ਆਗਿਆ ਪਾਲਣਾ ਭਗਵਾਨ ਕ੍ਰਿਸ਼ਨ ਦੇ 'ਬਿਦਰ' ਤੇ 'ਸੁਦਾਮਾ' ਨੂੰ ਸਤਿਕਾਰਨ, ਮਹਾਤਮਾ ਬੁੱਧ ਦੇ ਰਾਜ ਤਿਆਗ ਕਰਨ ਮਸੀਹ ਦੇ ਸਲੀਬ ਤੇ ਖਿੱਚੇ ਜਾਣ, ਮੁਹੰਮਦ ਸਾਹਿਬ ਦੇ ਪੇਟ 'ਤੇ ਪੱਥਰ ਬੰਨ੍ਹ ਕੇ ਫਾਕੇ ਕੱਟਣ ਤੇ ਗੁਰੂ ਅਰਜਨ ਸਾਹਿਬ ਜੀ ਦੇ ਤੱਤੀ ਲੋਹ 'ਤੇ ਬੈਠਣ ਦੇ ਵਾਕਿਆ ਤੋਂ ਕਰਦਾ ਹੈ, ਤਾਂ ਉਹ ਯਕੀਨਨ ਸਰੋਤਿਆਂ ਨੂੰ ਆਰੰਭ ਵਿਚ ਹੀ ਆਪਣੇ ਨਾਲ ਜੋੜਨ ਵਿਚ ਕਾਮਯਾਬ ਹੋ ਜਾਂਦਾ ਹੈ। ਭਾਰਤ ਸੁਤੰਤਰਤਾ ਦੇ ਨਵੇਂ ਇਤਿਹਾਸ 'ਤੇ ਵਿਆਖਿਆਨ ਦੇਂਦਿਆਂ ਹੋਇਆਂ, ਅਕਾਲੀ ਅੰਦੋਲਨ ਦੇ ਕਿਸੇ ਇਕ ਵਾਕਿਆ, ਖਿਲਾਫ਼ਤ ਤਹਰੀਕ ਦੀ ਕਿਸੇ ਖਾਸ ਘਟਨਾ ਯਾ ਗਾਂਧੀ ਜੀ ਦੇ ਸਤਿਆਗ੍ਰਹਿ ਦੇ ਕਿਸੇ ਕਾਂਡ ਦਾ ਕਥਨ ਕਰ ਕੇ ਆਰੰਭ ਕਰਨਾ, ਮਜ਼ਮੇ ਦੀ ਸੁਰਤ ਨੂੰ ਇਕ ਦਮ ਪੀਂਘ ਦੇ ਹੁਲਾਰੇ ਵਾਂਗ ਉਤਾਂਹ ਲੈ ਜਾਣਾ ਹੈ।

ਮਜ਼ਮੇ 'ਤੇ ਕੋਈ ਛੋਟਾ ਜਿਹਾ ਸੁਆਲ ਕਰ ਕੇ ਤਕਰੀਰ ਸ਼ੁਰੂ ਕਰਨੀ ਭੀ ਬਹੁਤ ਵੇਰ ਸੋਹਣਾ ਆਰੰਭ ਹੁੰਦਾ ਹੈ। ਅਸਲ ਵਿਚ ਵਕਤਾ ਉਹ ਸਵਾਲ ਜਨਤਾ ਕੋਲੋਂ ਨਹੀਂ ਪੁੱਛ ਰਿਹਾ ਹੁੰਦਾ, ਸਗੋਂ ਉਸ ਦੇ ਆਪਣੇ ਕੋਲੋਂ ਉਸ ਸਵਾਲ ਦੇ ਪੁੱਛੇ ਜਾਣ ਲਈ ਸਰੋਤਿਆਂ ਨੂੰ ਪ੍ਰੇਰਨਾ ਦੇ ਰਿਹਾ ਹੁੰਦਾ ਹੈ। ਮਜ਼ਮਾ ਪ੍ਰਸ਼ਨ ਨੂੰ ਸੁਣਦਿਆਂ ਹੀ ਅਪਣਾ ਲੈਂਦਾ ਹੈ ਤੇ ਫਿਰ ਉਸ ਦਾ ਜਵਾਬ ਸੁਨਣ ਲਈ ਵਕਤਾ ਦੀ ਤਕਰੀਰ ਨਾਲ ਜੁੜ ਬਹਿੰਦਾ

ਹੈ। ਮਸਲਨ ਇਕ ਆਦਮੀ ਬੰਗਾਲ ਦੇ ਕਾਲ ਉਤੇ ਤਕਰੀਰ ਕਰਨ ਲੱਗਾ, ਇਉਂ ਆਰੰਭ ਕਰਦਾ ਹੈ, 'ਕੀ ਆਪ ਜਾਣਦੇ ਹੋ ਬੰਗਾਲ ਦੇ ਕਾਲ ਦੇ ਕੀ ਅਰਥ ਹਨ ? ਉਸ ਵਿਚ ਕਿਤਨੀਆਂ ਜਾਨਾਂ ਜਾਇਆ ਹੋਈਆਂ ? ਕਿਤਨੀਆਂ ਔਰਤਾਂ ਵਿਧਵਾ ਤੇ ਕਿਤਨੇ ਬੱਚੇ ਯਤੀਮ ਹੋਏ ? ਕਿਤਨਿਆਂ ਮਸੂਮਾਂ ਨੇ ਭੁੱਖ ਦੇ ਦੁੱਖੋਂ ਆਪਣਾ ਸਤ ਵੇਚਿਆ ?' ਪ੍ਰਗਟ ਤੌਰ 'ਤੇ ਤਾਂ ਵਕਤਾ ਇਹ ਸਵਾਲ ਜਨਤਾ ਕੋਲੋਂ ਪੁੱਛਦਾ ਦਿਸ ਆਉਂਦਾ ਹੈ, ਪਰ ਅਸਲ ਵਿਚ ਉਹ ਸਰੋਤਿਆਂ ਨੂੰ ਪ੍ਰੇਰ ਰਿਹਾ ਹੁੰਦਾ ਹੈ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਉਹ ਉਸ ਦੀ ਤਕਰੀਰ ਵੱਲ ਧਿਆਨ ਦੇਣ। ਜੇ ਵਕਤਾ ਸਵਾਲ ਚੰਗੀ ਤਰ੍ਹਾਂ ਬਣਾ ਸਕੇ, ਤਾਂ ਇਹ ਢੰਗ ਬਹੁਤ ਹੀ ਲਾਭਦਾਇਕ ਹੈ।

ਕਿਸੇ ਰਸ ਪੂਰਤ ਕਵਿਤਾ ਤੇ ਜੇ ਮਜ਼ਮਾ ਧਾਰਮਿਕ ਹੋਵੇ, ਤਾਂ ਕਿਸੇ ਖ਼ਾਸ ਸ਼ਬਦ ਯਾ ਆਇਤ ਦੇ ਉਚਾਰ ਤੋਂ ਭੀ ਤਕਰੀਰ ਦਾ ਅਰੰਭ ਕੀਤਾ ਜਾ ਸਕਦਾ ਹੈ ਪਰ ਇਹ ਜ਼ਰੂਰੀ ਹੈ ਕਿ ਕਵਿਤਾ ਛੋਟੀ ਤੇ ਭਾਵ-ਪੂਰਕ ਹੋਵੇ। ਜਿਵੇਂ ਕਿਸੇ ਨਾ ਪਸੰਦ ਹਕੂਮਤ ਦੇ ਖ਼ਿਲਾਫ਼ ਮਜ਼ਮੇ ਨੂੰ ਉਭਾਰਨ ਵਾਲਾ ਵਕਤਾ ਜੇ ਆਰੰਭ ਵਿਚ ਇਹ ਮਿਸਰਾ ਪੜ੍ਹੇ, "ਉਠਾਂ ਬਸਤਰ ਨਏ ਸਿਆਹ ਅਬ ਯਹਾਂ ਆਨੇ ਵਾਲੇ ਹੈਂ, ਜੋ ਹੈਂ ਮੌਜੂਦ ਵੁਹ ਸਭ ਆਗੇ ਪੀਛੇ ਜਾਨੇ ਵਾਲੇ ਹੈ।" ਯਾ ਭਾਰਤ ਦੇਸ਼ ਦੀ ਪੁਰਾਣੀ ਗੌਰਵਤਾ 'ਤੇ ਲੈਕਚਰ ਦੇਣ ਵਾਲਾ 'ਇਕਬਾਲ' ਦੇ ਇਸ ਬੰਦ ਤੋਂ ਸ਼ੁਰੂ ਕਰੇ :-

"ਸਾਰੇ ਜਹਾਂ ਕੋ ਜਿਸ ਨੇ ਇਲਮੋ ਹੁਨਰ ਦੀਆ ਥਾ।
ਮੱਟੀ ਕੋ ਜਿਸ ਕੀ ਹੱਕ ਨੇਜ਼ੱਰ ਕਾ ਅਸਰਦੀਆ ਥਾ।
ਤੁਰਕੋਂ ਕਾ ਜਿਸ ਨੇ ਦਾਮਨ ਹੀਰੋਂ ਸੇ ਭਰਦੀਆ ਥਾ।
ਮੇਰਾ ਵਤਨ ਵੁਹੀ ਹੈ, ਮੇਰਾ ਵਤਨ ਵੁਹੀ ਹੈ।"

ਹਿੰਦੁਸਤਾਨੀ ਨੌਜਵਾਨਾਂ ਵਿਚ ਦੇਸ਼ ਦੀ ਅਜ਼ਾਦੀ ਹਿੱਤ ਉਤਸ਼ਾਹ ਭਰਨ ਲਈ, ਮੌਲਾਨਾ ਜ਼ਫ਼ਰ ਅਲੀ ਦੇ ਜੇ ਇਸ ਸ਼ੇਅਰ ਤੋਂ ਤਕਰੀਰ ਸ਼ੁਰੂ ਕੀਤੀ ਜਾਵੇ, ਹਮ ਅਪਨੇ ਅਜ਼ਮ ਕੇ ਸਾਂਚੇ ਮੇਂ ਤਕਰੀਰੋਂ ਕੋ ਢਾਲੇਂਗੇ, ਮੁਸੱਲਤ ਗਰਦਨੇ ਮਸ਼ਰਕ ਪੈ ਟੈਮ ਅਬ ਰਹਿ ਨਹੀਂ ਸਕਤਾ।" ਯਾ ਸਿੰਘ

ਨੌਜਵਾਨ ਨੂੰ ਕੁਰਬਾਨੀ ਹਿਤ ਪ੍ਰੇਰਨਾ ਕਰਨ ਵਾਲਾ ਲੈਕਚਰਾਰ, ਗਿਆਨੀ ਗਿਆਨ ਸਿੰਘ ਜੀ ਦੇ ਇਹਨਾਂ ਸ਼ਬਦਾਂ ਤੋਂ ਆਰੰਭ ਕਰੇ, "ਕਾਮ ਨਹੀਂ ਜਿਹ ਸਿੰਘਨ ਕੋ, ਲੜਨੋਂ ਮਰਨੋਂ ਡਰਨੋਂ ਕਰਨੋਂ ਹੈ। ਯਾਂਹ ਜਗ ਮੇਂ ਸੁਪਨੇ ਸਮ ਜੀਵਨ, ਤਾਂ ਤੇ ਹੀ ਕਿਉਂ ਮਰਨੋਂ ਡਰਨੋਂ ਹੈ।" ਤਾਂ ਨਿਸਚੇ ਵਕਤਾ ਆਰੰਭ ਵਿਚ ਹੀ ਸਰੋਤਿਆਂ ਦੀ ਸੁਰਤ ਨੂੰ ਉਤਾਂਹ ਚੁੱਕ ਲਵੇਗਾ। ਏਸੇ ਤਰ੍ਹਾਂ ਹੀ ਧਾਰਮਿਕ ਮਜ਼ਮਿਆਂ ਵਿਚ ਕਿਸੇ ਖਾਸ ਮੰਤਰ, ਸ਼ਬਦ ਦਾ ਮਾਇਤ ਦਾ ਉਚਾਰ ਕਰ ਕੇ, ਤਕਰੀਰ ਦਾ ਆਰੰਭਨਾਂ ਸਫਲਤਾ ਵਿਚ ਬੜਾ ਸਹਾਇਕ ਹੁੰਦਾ ਹੈ।

ਸਮਾਪਤੀ :- ਭਾਵੇਂ ਲੈਕਚਰ ਦਾ ਆਰੰਭ ਕਰਨਾ ਹੀ ਖਾਸ ਤਵੱਜੋਂ ਦਾ ਮੁਹਤਾਜ ਹੈ ਪਰ ਸਮਾਪਤੀ ਤਾਂ ਆਪਣੀ ਜਾਤ ਵਿਚ ਇਕ ਹੁੰਨਰ ਹੈ। ਬਹੁਤ ਸਾਰੇ ਵਕਤਾ ਅਜਿਹੇ ਮਿਲ ਸਕਣਗੇ, ਜੋ ਆਪਣੀ ਤਕਰੀਰ ਨੂੰ ਪੂਰੇ ਰਸ ਤੇ ਠਾਠ ਵਿਚ ਮੁਕਾ ਸਕਣ। 'ਜਾਰਜ ਆਰ ਕੌਲਨ (Grorge R. Collins) ਦਾ ਕੌਲ ਹੈ, [3]ਸਮਾਪਤੀ ਭੀ ਇਕ ਖਾਸ ਕਰਨ ਵਾਲਾ ਕੰਮ ਹੈ। ਇਹ ਸਾਰੀ ਤਕਰੀਰ ਨੂੰ ਘੇਰਦਾ ਹੈ। ਇਹ ਸਿਆਣਿਆਂ ਦੀ ਗਹਿਰੀ ਤਵੱਜੋਂ ਨੂੰ ਇਕ ਪਲ ਲਈ ਸਾਰੀ ਤਕਰੀਰ 'ਤੇ ਟਿਕਾ ਦੇਂਦਾ ਹੈ। ਇਹ ਖ਼ਿਆਲਾਂ ਦੀਆਂ ਤੰਦਾਂ ਨੂੰ ਇਕਠੀਆਂ ਕਰ ਤਣਦਾ, ਜੋੜਦਾ ਤੇ ਤਕਰੀਰ ਦੀ ਤਾਣੀ ਨੂੰ ਸਿਰੇ ਚਾੜ੍ਹਦਾ ਹੈ।"

ਅਸਲ ਵਿਚ ਤਾਂ ਸੁਚੱਜੀ ਸਮਾਪਤੀ ਹੀ ਤਕਰੀਰ ਨੂੰ ਕਾਮਯਾਬ ਕਰ ਸਕਦੀ ਹੈ। ਤਕਰੀਰ ਦੇ ਸਮੇਂ ਤਾਂ ਸਰੋਤਿਆਂ ਦੀ ਬਿਰਤੀ, ਤੁਹਾਡੇ ਮੂੰਹੋਂ ਨਿਕਲੇ ਸ਼ਬਦਾਂ ਦੇ ਨਾਲ ਤੁਰੀ ਜਾਵੇਗੀ, ਪਰ ਤੁਹਾਡੇ ਸਮੁੱਚੇ ਵਕਤਬ ਨੂੰ ਸਮਝਣ ਤੇ ਉਸ ਦੇ ਉਤੇ ਤੁਰਨ ਦਾ ਫੈਸਲਾ, ਤਾਂ ਸਰੋਤੇ ਸਮਾਪਤੀ ਦੇ ਬਾਅਦ ਹੀ ਕਰ ਸਕਦੇ ਹਨ। ਸੋ ਸਮਾਪਤੀ ਸਮੇਂ ਜੇ ਤਕਰੀਰ ਬੇਸੁਆਦੀ, ਢਿੱਲੀ ਤੇ ਭਾਵ ਰਹਿਤ ਹੋ ਕੇ ਰਹਿ ਜਾਏ, ਤਾਂ ਸਰੋਤੇ ਦਾ

---

੩. *The Conclusicn, to has define work to Pertorm, it rounds rut the talk, itholds audiene's earnest attention for a brief mrmeut on the speech as a whole, It draws the thread the thought to together, it binds and finishes of fabrics of the speech (Plateform speeking)*

ਉਪਰਾਮ ਮਨ ਤੁਹਾਡੀਆਂ ਪਹਿਲੀਆਂ ਗੱਲਾਂ ਵੱਲ ਭੀ ਕੋਈ ਧਿਆਨ ਨਹੀਂ ਦੇਵੇਗਾ। ਕਹਿੰਦੇ ਹਨ ਕਿ ਮਸ਼ਹੂਰ ਅੰਗਰੇਜ਼ ਵਕਤਾ 'ਗਲੈਡਸਟਨ' ਵੀ ਆਪਣੀ ਤਕਰੀਰ ਦੀ ਸਮਾਪਤੀ ਦੇ ਫਿਕਰੇ ਲਿਖ ਕੇ ਕੰਠ ਕਰ ਲੈਂਦਾ ਹੁੰਦਾ ਸੀ, ਬਹੁਤ ਸਾਰੇ ਵਕਤਾ ਤਾਂ ਇਹ ਜਾਣਦੇ ਹੀ ਨਹੀਂ ਹੁੰਦੇ ਕਿ ਸਮਾਪਤੀ ਕਿਥੇ ਕਰਨੀ ਹੈ। ਉਹ ਬਾਰ-ਬਾਰ ਆਪਣੇ ਆਖਰੀ ਫਿਕਰੇ ਦੁਹਰਾਈ ਜਾਣਗੇ ਤੇ ਇਹ ਗੱਲ ਹਮੇਸ਼ਾਂ ਯਾਦ ਰੱਖਣ ਵਾਲੀ ਹੈ ਕਿ ਮੁੜ-ਮੁੜ ਕਹਿਣ ਨਾਲ ਤਕਰੀਰ ਵਿਚ ਸ਼ਬਦ-ਬਲ ਘਟਦਾ ਹੈ ਅਤੇ ਦੂਸਰੇ ਉਹ ਲੋਕ ਹਨ, ਜੋ ਤਕਰੀਰ ਨੂੰ ਇਤਨਾ ਲੰਬਾ ਕਰ ਦਿੰਦੇ ਹਨ ਕਿ ਉਸ ਦਾ ਰਸ ਤੇ ਬਲ ਘਟਦਾ-ਘਟਦਾ ਸਮਾਪਤੀ ਤਕ ਬਿਲਕੁਲ ਘਟ ਜਾਂਦਾ ਹੈ। ਉਨ੍ਹਾਂ ਦੀ ਤਕਰੀਰ ਇਕ ਉਸ ਦੀਵੇ ਵਾਂਗ ਹੁੰਦੀ ਹੈ, ਜਿਸ ਨੂੰ ਕੋਈ ਮਨੁਖ ਤਾਂ ਨਾ ਬੁਝਾਵੇ, ਸਗੋਂ ਬਲਦਿਆਂ-ਬਲਦਿਆਂ ਤੇਲ ਦੇ ਮੁੱਕ ਜਾਣ ਕਰ ਕੇ ਸਹਿਜੇ-ਸਹਿਜੇ ਆਪ ਹੀ ਬੁਝ ਜਾਵੇ। ਇਹ ਤਰੀਕਾ ਸਮੁੱਚੇ ਹੀ ਤਕਰੀਰ ਨੂੰ ਅਸਫਲ ਕਰ ਦਿੰਦਾ ਹੈ। ਬਹੁਤ ਸਾਰੇ ਵਕਤਾ ਤੇ ਖਾਸ ਤੌਰ 'ਤੇ ਧਰਮ ਪ੍ਰਚਾਰਕ ਬਹੁਤ ਲੰਬੀਆਂ ਤਕਰੀਰਾਂ ਕਰਦੇ ਹਨ। ਇਥੋਂ ਤਕ ਕਿ ਸਰੋਤਿਆਂ ਦੀ ਇਕ ਵੱਡੀ ਗਿਣਤੀ, ਬਹੁਤ ਵੇਰ ਸੁਣਦੀ ਸੁਣਦੀ ਸੌਂ ਭੀ ਜਾਂਦੀ ਹੈ, ਪਰ ਉਹ ਹਟਣ ਦਾ ਨਾ ਨਹੀਂ ਲੈਂਦੇ। ਸਰੋਤਿਆਂ ਨੂੰ ਥਕਾ ਦੇਣਾ ਤੇ ਉਨ੍ਹਾਂ ਦੀ ਆਪਣੀ ਤਕਰੀਰ ਵਿਚ ਦਿਲਚਸਪੀ ਖਤਮ ਕਰ ਦੇਣੀ ਤਕਰੀਰ ਦੀ ਮੌਤ ਹੈ। ਸਫਲ ਸਮਾਪਤੀ ਦਾ ਇਕੋ ਹੀ ਭੇਦ ਹੈ, ਉਸ ਵੇਲੇ ਮੁਕਾਓ ਜਦ ਕਿ ਸਰੋਤੇ ਤੁਹਾਡੇ ਕੋਲੋਂ ਕੁਛ ਹੋਰ ਸੁਣਨ ਦੇ ਚਾਹਵਾਨ ਹੋਣ। ਤਕਰੀਰ ਦੀ ਉਮਰ ਮੁਕੱਰਰ ਨਹੀ ਕੀਤੀ ਜਾ ਸਕਦੀ, ਉਸ ਦਾ ਜੀਵਨ ਸਰੋਤਿਆਂ ਦੀ ਚਾਹ ਵਿਚ ਹੈ, ਜੇ ਉਹ ਤਕਰੀਰ ਨਾਲ ਜੁੜੇ ਰਹਿਣ, ਦਿਲਚਸਪੀ ਰੱਖਣ ਤੇ ਅਜੇ ਹੋਰ ਸੁਣਨਾ ਚਾਹੁਣ ਤਾਂ ਸਮਝੋ ਤਕਰੀਰ ਲੰਬੀ ਨਹੀਂ ਹੋਈ। ਪੰਜਾਬ ਦੇ ਮਸ਼ਹੂਰ ਵਕਤਾ 'ਸੱਯਦ ਅਤਾਉਲਾ ਸ਼ਾਹ ਬੁਖਾਰੀ' ਦੀਆਂ ਤਕਰੀਰਾਂ ਇਸ ਦਾਅਵੇ ਦਾ ਸਬੂਤ ਹਨ ਪਰ ਜੇ ਸਰੋਤੇ ਅੱਕ ਜਾਣ ਤਾਂ ਪੰਦਰਾਂ ਮਿੰਟਾਂ ਦੀ ਤਕਰੀਰ ਭੀ ਬਹੁਤ ਲੰਬੀ ਸਮਝਣੀ ਚਾਹੀਦੀ ਹੈ। ਕਹਿੰਦੇ ਹਨ ਕਿ

ਲਾਇਲਪੁਰ ਦੇ ਇਕ ਦੀਵਾਨ ਵਿਚ ਇਕ ਵਕਤਾ ਲੈਕਚਰ ਦੇਣ ਲੱਗੇ, ਤਾਂ ਸਰੋਤੇ ਮਿੰਟਾਂ ਵਿਚ ਹੀ ਖਿਸਕ ਗਏ ਪਰ ਇਕ ਸਰਦਾਰ ਸਾਹਿਬ ਬੈਠੇ ਰਹੇ ਤੇ ਜਦ ਉਨ੍ਹਾਂ ਦੇ ਦੋਸਤਾਂ ਨੇ ਬੈਠੇ ਰਹਿਣ ਦਾ ਕਾਰਨ ਪੁੱਛਿਆ, ਤਾਂ ਉਨ੍ਹਾਂ ਕਿਹਾ "ਵਕਤਾ ਨੂੰ ਤਕਰੀਰ ਉਤਰੀ ਹੋਈ ਸੀ, ਜੇ ਮੈਂ ਵੀ ਲੋਕਾਂ ਵਾਂਗ ਤੁਰ ਜਾਂਦਾ ਤਾਂ ਸ਼ਾਇਦ ਉਹ ਮੇਰੇ ਮਗਰ-ਮਗਰ ਗਲੀ ਵਿਚ ਹੀ ਚਲੇ ਆਉਂਦੇ। ਇਸ ਲਈ ਮੈਂ ਇਹ ਕੌੜੇ ਘੁਟ ਉਥੇ ਬੈਠ ਕੇ ਹੀ ਪੀਣੇ ਪਸੰਦ ਕੀਤੇ।" ਮਤਲਬ ਇਹ ਕਿ ਸਵਾਦੀ ਤੇ ਰਸਪੂਰਤ ਤਕਰੀਰ ਲੰਬੇ ਸਮੇਂ ਤਕ ਹੋਣ ਦੇ ਬਾਵਜੂਦ ਭੀ ਛੋਟੀ ਤੇ ਫਿਕੀ ਰਸਹੀਨ ਥੋੜ੍ਹੇ ਸਮੇਂ ਲਈ ਕੀਤੀ ਗਈ ਭੀ ਬਹੁਤ ਲੰਬੀ ਹੁੰਦੀ ਹੈ। 'ਚਾਰਲਸ ਆਰ ਬਰਾਊਨ (Ch Rles R. Brown) ਦਾ ਕੌਲ ਹੈ, [4]ਘੜੀ ਨੂੰ ਤੁਹਾਡੇ ਵਿਆਖਿਆਨ ਦੀ ਲੰਬਾਈ ਨਾਲ ਕੋਈ ਤਅੱਲੁਕ ਨਹੀਂ, ਉਕਾ ਹੀ ਨਹੀਂ ਲੰਬਾ ਭਾਸ਼ਨ ਉਹੀ ਹੁੰਦਾ ਹੈ, ਜੋ ਲੰਬਾ ਪ੍ਰਤੀਤ ਹੋਵੇ ਤੇ ਛੋਟਾ ਹੈ, ਉਹ ਜਿਸ ਨੂੰ ਵਧੇਰੇ ਸੁਣਨ ਦੀ ਚਾਹ ਸਰੋਤਿਆਂ ਵਿਚ ਬਾਕੀ ਰਹੇ। ਇਹ ਭਾਵੇਂ ਵੀਹ ਮਿੰਟ ਦਾ ਹੋਵੇ, ਚਾਹੇ ਡੇਢ ਘੰਟੇ ਦਾ। ਜੇ ਸਰੋਤਿਆਂ ਵਿਚ ਹੋਰ ਸੁਣਨ ਦੀ ਚਾਹ ਬਣੀ ਰਹੇ, ਤਾਂ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਰਨਗੇ ਕਿ ਘੜੀ ਕੀ ਕਹਿੰਦੀ ਹੈ। ਇਸ ਲਈ ਤੁਸੀਂ ਨਹੀਂ ਕਹਿ ਸਕਦੇ ਕਿ ਘੜੀ ਦੀਆਂ ਸੂਈਆਂ ਨੂੰ ਦੇਖ ਕੇ ਕਿਤਨਾ ਚਿਰ ਵਿਆਖਿਆਨ

---

4. *The clock has nothing to do with the length of a sermon, nothing whaterver, A long Sermon is esermon that seems long, and the ehort sermon is the one that ends while people are sttill wishing for more. It may have lasted only twenty minutes or it may have lasted for an hour and a half. If it leaves the people wishing for more, they do not know nos care what the clock said about the length of it, you cannot tell, therefote, how long a sermon is by watching the hands of a clock or a watch. People see where their hands are. If the hands of the men are for the most port. In their waist pockets, pulling cut their watches, to note again how long you have been at it this is ominoes. (The Art of Prerching)*

ਦੇਣਾ ਚਾਹੀਦਾ ਹੈ। ਵੇਖੋ ਲੋਕਾਂ ਵੱਲ, ਉਨ੍ਹਾਂ ਦੇ ਹੱਥਾਂ ਵੱਲ ਤੱਕੋ, ਜੇ ਉਹ ਘੜੀ-ਘੜੀ ਘੜੀਆਂ ਕੱਢ ਕੇ ਦੇਖਦੇ ਹਨ, ਤਾਂ ਸਮਝੋ ਇਹ ਇਸ਼ਾਰਾ ਹੈ ਕਿ ਉਹ ਥੱਕ ਗਏ ਹਨ।"

ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਇਕ ਸਭਾ ਵਿਚ ਦਸ ਮਿੰਟ ਬੋਲਣ ਲਈ ਵਕਤ ਦਿੱਤਾ ਗਿਆ ਸੀ, ਪਰ ਜਦ ਉਸ ਨੇ ਆਪਣੀ ਤਕਰੀਰ ਮੁਕਾਈ, ਤਾਂ ਪੂਰੇ ਢਾਈ ਘੰਟੇ ਬੀਤ ਚੁਕੇ ਸਨ, ਪਰ ਵਧੇਰੇ ਸੁਨਣ ਦਾ ਚਾਹਵਾਨ ਮਜ੍ਹਮਾ ਹਰ ਪਾਸਿਓਂ ਕਹਿ ਰਿਹਾ ਸੀ, ਘੜੀਆਂ ਰਹਿਣ ਦਿਓ। ਕਾਮਯਾਬ ਤਕਰੀਰ ਉਹੋ ਕਹੀ ਜਾ ਸਕਦੀ ਹੈ, ਜੋ ਆਪਣੇ ਰਸ ਤੇ ਬਲ ਨੂੰ ਇਕ ਤਰ੍ਹਾਂ ਕਾਇਮ ਰੱਖ ਸਕੇ ਤੇ ਸਮਾਪਤੀ ਵੇਲੇ ਇਸਦਾ ਪ੍ਰਭਾਵ ਭਰ ਜੋਬਨ 'ਤੇ ਹੋਵੇ। ਸਰੋਤਿਆਂ ਦੀ ਉਤਾਂਹ ਚੁੱਕੀ ਹੋਈ ਸੁਰਤ ਤੇ ਮਸਤ ਕੀਤੇ ਹੋਏ ਮਨਾਂ 'ਤੇ ਹੀ ਵਕਤਾ ਨੂੰ ਆਪਣੀ ਤਕਰੀਰ ਦੇ ਆਖਰੀ ਫਿਕਰੇ ਮਕਾਉਣੇ ਚਾਹੀਦੇ ਹਨ। ਇਸ ਲਈ ਉਸ ਨੂੰ ਵਾਜਬ ਹੈ ਕਿ ਉਹ ਆਪਣੀ ਤਕਰੀਰ ਦੇ ਸਭ ਤੋਂ ਜ਼ਿਆਦਾ ਰਸ ਭਰੇ ਸ਼ਬਦ ਤੇ ਭਾਵ-ਪੂਰਤ ਫਿਕਰੇ ਸਮਾਪਤੀ ਸਮੇਂ ਵਰਤੇ। ਜੇ ਉਹ ਆਪਣੀ ਤਕਰੀਰ ਵਿਚ ਪੈਦਾ ਕੀਤੇ ਹੋਏ ਰਸ ਦੇ ਅਨੁਸਾਰ ਕੋਈ ਯੋਗ ਕਵਿਤਾ, ਛੋਟਾ ਟੋਟਕਾ ਯਾ ਕਿਸੇ ਮੁਕਦਸ ਕਲਾਮ ਦਾ ਕੋਈ ਫਿਕਰਾ ਦੇ ਕੇ ਮੁਕਾਵੇ, ਤਾਂ ਬਹੁਤ ਚੰਗਾ ਰਹੇਗਾ।

ਸਿਆਣੇ ਵਕਤਾ ਨੂੰ ਸਮਾਪਤੀ ਸਮੇਂ ਆਪਣੀ ਸਾਰੀ ਤਕਰੀਰ ਦਾ ਤਤ-ਸਾਰ ਥੋੜੇ ਜਿਹੇ ਸ਼ਬਦਾਂ ਵਿਚ ਕਹਿਣਾ ਚਾਹੀਦਾ ਹੈ, ਪਰ ਉਸ ਵਿਚ ਉਹ ਸਾਰੇ ਜ਼ਰੂਰੀ ਨੁਕਤਿਆਂ ਨੂੰ ਦੁਹਰਾ ਜਾਵੇ, ਜਿਨ੍ਹਾਂ ਵਲ ਉਹ ਸਰੋਤਿਆਂ ਦੀ ਤਵੱਜੋ ਦਵਾਣੀ ਚਾਹੁੰਦਾ ਹੈ। ਆਪਣੇ ਦੱਸੇ ਹੋਏ ਭਾਵ ਦੇ ਅਨੁਸਾਰ ਵਰਤੋਂ ਕਰਨ ਦੀ ਅਪੀਲ ਭੀ ਸਰੋਤਿਆਂ ਨੂੰ ਅਖੀਰ 'ਤੇ ਹੀ ਕਰਨੀ ਚਾਹੀਦੀ ਹੈ ਪਰ ਇਸ ਗੱਲ ਦਾ ਖ਼ਿਆਲ ਹਰ ਸੂਰਤ ਵਿਚ ਰੱਖਣਾ ਚਾਹੀਦਾ ਹੈ ਕਿ ਤਕਰੀਰ ਦੀ ਸਮਾਪਤੀ ਸਰੋਤਿਆਂ ਦੀ ਥਕਾਵਟ ਤੋਂ ਪਹਿਲਾਂ ਹੋਵੇ, ਉਹਨਾਂ ਦੇ ਮਨਾਂ ਵਿਚ ਅਜੇ ਹੋਰ ਵਧੇਰੇ ਸੁਣਨ ਦੀ ਚਾਹ ਹੋਵੇ ਤੇ ਤਕਰੀਰ ਦਾ ਰਸ ਤੇ ਪ੍ਰਭਾਵ ਚੋਟੀ 'ਤੇ ਲਹਿਰਾ ਰਿਹਾ ਹੋਵੇ।

ਵਕਤ ਦੀ ਪਾਬੰਦੀ :- ਇਕ ਵਕਤਾ ਲਈ ਸਮੇਂ ਦਾ ਪਾਬੰਦ ਹੋਣਾ ਬੜਾ ਜ਼ਰੂਰੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਉਹ ਜਨਤਾ ਦੀ ਅਗਵਾਈ ਕਰ ਰਿਹਾ ਹੁੰਦਾ ਹੈ। ਜੇ ਉਹ ਆਪ ਹੀ ਸਮੇਂ ਦਾ ਪਾਬੰਦ ਨਹੀਂ, ਤਾਂ ਉਹ ਲੋਕਾਂ ਨੂੰ ਇਸ ਗੱਲ ਦੀ ਪ੍ਰੇਰਨਾ ਕਿਵੇਂ ਕਰ ਸਕਦਾ ਹੈ? ਇਹ ਜਗਤ ਪ੍ਰਸਿੱਧ ਸਚਾਈ ਹੈ ਕਿ ਦ੍ਰਿਸ਼ਟਮਾਨ ਨਾਮ ਰੂਪ ਦੇ ਜਗਤ ਤੇ ਸਮੇਂ ਦੀ ਹਕੂਮਤ ਹੈ। ਕਾਲ ਆਪਣੇ ਹੀ ਚੱਕਰ ਵਿਚ ਜਗਤ ਨੂੰ ਚਲਾ ਰਿਹਾ ਤਰ੍ਹਾਂ ਕਹਾਇਆ ਹੈ, [੫]"ਚੰਗੇਜ਼ ਤੇ ਤੈਮੂਰ ਮੇਰੇ ਹੱਥ ਦੀਆਂ ਦੇ ਮਿੱਟੀ ਦੀਆਂ ਉਡਾਈਆਂ ਹੋਈਆਂ ਮੁੱਠਾਂ ਹਨ। ਫ਼ਰੰਗੀਆਂ ਦਾ ਕੁਲ ਹੰਗਾਮਾ ਮੇਰਿਆਂ ਚੰਗਿਆੜੀਆਂ ਦਾ ਇਕ ਉਛਾਲਾ ਹੈ।" ਗੁਰੂ ਗੋਬਿੰਦ ਸਿੰਘ ਜੀ ਇਸ ਤੋਂ ਭੀ ਅਗਾਂਹ ਜਾਂਦੇ ਹਨ ਤੇ ਫ਼ੁਰਮਾਉਂਦੇ ਹਨ ਕਿ ਜਗਤ ਨੂੰ ਪੈਦਾ ਕਰਨ ਵਾਲੀ, ਨਾਸ਼ ਕਰਨ ਵਾਲੀ ਤੇ ਪਾਲਣ ਵਾਲੀ ਤਿੰਨੇ ਹੀ ਸ਼ਕਤੀਆਂ ਕਾਲ ਦੇ ਅਧੀਨ ਹਨ। [੬]ਜਗਤ ਦਾ ਸਾਰਾ ਪਸਾਰਾ ਕਾਲ ਦਾ ਹੀ ਰਚਿਆਂ ਹੋਇਆਂ ਤਮਾਸ਼ਾ ਹੈ। ਕੁਲ ਸ੍ਰਿਸ਼ਟੀ 'ਤੇ ਕਾਬੂ ਰੱਖਣ ਵਾਲੇ ਕਾਲ ਦੀ ਪ੍ਰਵਾਹ ਨਾ ਕਰਨਾ, ਇਕ ਭਾਰੀ ਭੁੱਲ ਹੈ, ਜੋ ਸੁਸਤੀ ਤੋਂ ਪੈਦਾ ਹੁੰਦੀ ਹੈ ਤੇ ਸੁਸਤੀ ਦਾ ਮੂਲ ਜੜ੍ਹਤਾ ਹੈ। ਸੋ ਇਕ ਸੁਚੇਤ ਮਨੁੱਖ ਨੂੰ ਹਮੇਸ਼ਾਂ ਸਮੇਂ ਦਾ ਪਾਬੰਦ ਹੋਣਾ ਚਾਹੀਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਹਨਾਂ ਵਿਅਕਤੀਆਂ ਜਾਂ ਕੌਮਾਂ ਨੇ ਸਮੇਂ ਦੀ ਪ੍ਰਵਾਹ ਨਹੀਂ ਕੀਤੀ, ਸਮੇਂ ਨੇ ਉਹਨਾਂ ਨੂੰ ਜਲੀਲ ਕਰ ਕੇ ਸੰਸਾਰ ਤੋਂ ਮਿਟਾ ਦਿੱਤਾ। ਸੋ ਇਕ ਵਕਤਾ ਲਈ ਜੋ ਆਪਣੇ ਆਪ ਵਿਚ ਕੌਮੀ ਜਿੰਦਗੀ ਦੀ ਸਮਾਪਤੀ ਤੇ ਉਨਤੀ ਦਾ ਜ਼ਿੰਮੇਵਾਰ ਹੁੰਦਾ ਹੈ, ਸਮੇਂ ਦਾ ਪਾਬੰਦ ਰਹਿਣਾ ਪਹਿਲਾਂ ਫਰਜ ਹੈ।

---

੫. *ਚੰਗੇਜ਼ੀ ਓ ਤੈਮੂਰੀ ਯਕ ਮੁਸ਼ਤੇ ਗੁਬਾਰੇ ਮਨ।*
ਹੰਗ ਮਾਏ ਅਫ਼ਰੰਗੀ ਯਕ ਜੁਸਤੇ ਸ਼ਰਾਰੇ ਮਨ।

੬. *ਕਾਲ ਪਾਇ ਬ੍ਰਹਮਾ ਬਪੁ ਧਰਾ ॥*
ਕਾਲ ਪਾਇ ਸਿਵ ਜੀ ਅਵਤਾਰਾ ॥
ਕਾਲ ਪਾਇ ਕਰ ਬਿਸਨ ਪ੍ਰਕਾਸ਼ਾ ॥
ਸਗਲ ਕਾਲ ਕਾ ਕੀਆ ਤਮਾਸ਼ਾ ॥

ਇਕ ਲੈਕਚਰਰ ਨੂੰ ਇਹ ਭੀ ਸਮਝ ਲੈਣਾ ਚਾਹੀਦਾ ਹੈ ਕਿ ਤਕਰੀਰ ਦਾ ਵਕਤ ਕੇਵਲ ਉਸ ਦਾ ਆਪਣਾ ਨਹੀਂ; ਸਗੋਂ ਉਸ ਸਮੇਂ ਵਿਚ ਉਸ ਦੀ ਤੇ ਸਰੋਤਿਆਂ ਦੀ ਸਾਂਝ ਹੈ। ਇਸ ਲਈ ਉਹ ਮੁਕੱਰਰ ਸਮੇਂ ਤੋਂ ਜਿਆਦਾ ਖ਼ਰਚ ਕਰਦਾ ਹੈ ਤਾਂ ਚਿਰਕ ਦਾ ਕੇਵਲ ਉਸ ਨੂੰ ਹੀ ਨੁਕਸਾਨ ਨਹੀਂ ਪੁੱਜਣਾ ਸਗੋਂ ਸਰੋਤਿਆਂ ਦਾ ਵੀ ਹਰਜ ਹੋਣਾ ਹੈ। ਇਕ ਵਕਤਾ ਨੂੰ ਕੀ ਪਤਾ ਹੈ ਕਿ ਸਰੋਤਿਆਂ ਦੇ ਇਕੱਠ ਵਿਚ ਕਿਤਨੇ ਉਹ ਲੋਕ ਹਨ, ਜੋ ਸਫ਼ਰ ਦਾ ਸਮਾਨ ਬੰਨ੍ਹ ਕੇ ਇਸ ਖ਼ਿਆਲ ਨਾਲ ਸਭਾ ਵਿਚ ਆਏ ਹਨ ਕਿ ਉਹ ਲੈਕਚਰ ਸੁਣ ਕੇ ਗੱਡੀ ਫੜ੍ਹ ਲੈਣਗੇ। ਸਰੋਤਿਆਂ ਵਿਚ ਕਿਤਨੇ ਡਾਕਟਰ ਯਾ ਹਕੀਮ ਹਨ, ਜਿਨ੍ਹਾਂ ਨੇ ਲੈਕਚਰ ਸੁਣ ਕੇ ਆਪਣੇ ਮਰੀਜ਼ਾਂ ਨੂੰ ਦੇਖਣਾ ਸੀ ਤੇ ਬੀਮਾਰਾਂ ਸਬੰਧੀ ਕਿਸ ਬਿਹਬਲਤਾ ਨਾਲ ਉਨ੍ਹਾਂ ਨੂੰ ਉਡੀਕ ਰਹੇ ਹੋਣਗੇ। ਕਿਤਨੇ ਉਸਤਾਦ ਲੈਕਚਰ ਸੁਣਨ ਆਏ ਹੋਏ ਹਨ, ਜਿਨ੍ਹਾਂ ਦੇ ਸ਼ਾਗਿਰਦ ਸਬਕ ਲਈ ਉਨ੍ਹਾਂ ਨੂੰ ਉਡੀਕ ਰਹੇ ਹਨ। ਇਕ ਲੈਕਚਰਾਰ ਦੀ ਸਮੇਂ ਵੱਲੋਂ ਪ੍ਰਵਾਹੀ ਇਨ੍ਹਾਂ ਸਾਰੀਆਂ ਸ਼ਰੇਣੀਆਂ ਦਾ ਕੰਮ ਵਿਗਾੜ ਦੇਵੇਗੀ। ਗੱਡੀਆਂ ਤੋਂ ਪਛੜ ਗਏ ਮੁਸਾਫਰਾਂ ਦੀ ਬੇਅਰਾਮੀ ਤੇ ਕੰਮਾਂ ਤੋਂ ਹਰਜ, ਦੁਖੀ ਬੀਮਾਰਾਂ ਦੀਆਂ ਬਦਦੁਆਵਾਂ ਤੋਂ ਵਿਦਿਆਰਥੀਆਂ ਦੀ ਨਫ਼ਰਤ ਇਹਨਾਂ ਸਭ ਬਲਾਵਾਂ ਦਾ ਪਾਤਰ, ਉਸ ਵਕਤਾ ਨੂੰ ਹੋਣਾ ਪੈਂਦਾ ਹੈ, ਜੋ ਸਮੇਂ ਸਿਰ ਆਪਣੀ ਤਕਰੀਰ ਨਹੀਂ ਮੁਕਾ ਸਕਦਾ। ਭਾਵੇਂ ਹਰ ਇਕ ਬੁਲਾਰੇ ਨੂੰ ਹੀ ਸਮੇਂ ਦੀ ਪਾਬੰਦੀ ਦਾ ਹੀ ਖ਼ਿਆਲ ਰੱਖਣਾ ਪੈਂਦਾ, ਪਰ ਖਾਸ ਤੌਰ ਤੇ ਉਹ ਲੋਕ, ਜਿਨ੍ਹਾਂ ਦੀ ਤਕਰੀਰ ਵਿਚ ਰਸ ਤੇ ਸਰੋਤਿਆਂ ਨੂੰ ਬੰਨ੍ਹ ਰੱਖਣ ਦਾ ਜਾਦੂ ਹੋਵੇ, ਸਮੇਂ ਦੇ ਬੜੇ ਪਾਬੰਦ ਚਾਹੀਦੇ ਹਨ ਕਿਉਂਕਿ ਫਿੱਕੀਆਂ ਤੇ ਰਸਹੀਣ ਤਕਰੀਰਾਂ ਨੂੰ ਤਾਂ ਸਰੋਤੇ ਵਿਚੇ ਹੀ ਛੱਡ ਕੇ ਉਠ ਜਾਂਦੇ ਹਨ ਪਰ ਰਸ ਪੂਰਤ ਵਕਤਬ ਉਠਣ ਨਹੀਂ ਦੇਂਦੇ ਤੇ ਸਰੋਤੇ ਆਪਣੇ ਕੰਮਾਂ ਦੇ ਮੁਕੱਰਰਾ ਵਕਤ ਤੋਂ ਪਛੜ ਕੇ, ਮਨਾਂ ਵਿਚ ਬੜੇ ਖਿਝਦੇ ਤੇ ਵਕਤਾ ਨੂੰ ਗੁੱਸੇ ਹਨ, ਜਿਸ ਕਰ ਕੇ ਉਨ੍ਹਾਂ ਦਾ ਸਤਿਕਾਰ ਵਕਤਾ ਤੇ ਉਸ ਦੇ ਕਰਤਬ ਵੱਲੋਂ ਘਟਦਾ ਹੈ।

ਚੇਤੇ ਦੀ ਵਰਤੋਂ

ਸਫਲ ਵਕਤਬ ਦਾ ਭੇਦ ਸੋਹਣਾ ਚੇਤਾ ਹੈ। ਜਿਤਨਾ ਹੀ ਕਿਸੇ ਵਕਤਾ ਦਾ ਚੇਤਾ ਸਾਥ ਦੇਵੇਗਾ। ਉਤਨਾ ਹੀ ਉਹ ਆਪਣੀ ਤਕਰੀਰ ਵਿਚ ਕਾਮਯਾਬ ਰਹੇਗਾ। ਚੇਤੇ ਦੀ ਕਮਜ਼ੋਰੀ ਕਰ ਕੇ ਬੜੇ-ਬੜੇ ਪੰਡਤ ਭੀ ਲੈਕਚਰ ਦੇਣ ਵਿਚ ਅਸਫਲ ਰਹਿ ਜਾਂਦੇ ਹਨ। ਇਹ ਠੀਕ ਹੈ ਕਿ ਕੁਦਰਤ ਨੇ ਹਰ ਇਕ ਨੂੰ ਇਕੋ ਜਿਹਾ ਚੇਤਾ ਨਹੀਂ ਦਿੱਤਾ, ਪਰ ਜਿਤਨੀ ਕੁ ਦਾਤ ਕੁਦਰਤ ਗੱਲੋਂ ਲੱਭੀ ਹੈ, ਉਸ ਦੀ ਯੋਗ ਵਰਤੋਂ ਭੀ ਕੋਈ-ਕੋਈ ਹੀ ਕਰਦਾ ਹੈ। ਮਨੋਵਿਗਿਆਨ ਦੇ ਮਸ਼ਹੂਰ ਪ੍ਰੋਫੈਸਰ ਕਾਰਲ ਸੀ ਸ਼ੇਰ' (Car. S. a Shers) ਦਾ ਕੌਲ ਹੈ, "[1]ਇਕ ਸਾਧਾਰਨ ਮਨੁੱਖ ਆਪਣੇ ਚੇਤੇ ਦੀ ਦਸ ਫੀ ਸਦੀ ਸ਼ਕਤੀ ਤੋਂ ਵਧੇਰੇ ਦੀ ਵਰਤੋਂ ਨਹੀਂ ਕਰਦਾ। ਉਹ ਬਾਕੀ ਦੀ ਨੱਬੇ ਫੀ ਸਦੀ ਸ਼ਕਤੀ ਚੇਤੇ ਦੇ ਕੁਦਰਤੀ ਨਿਯਮਾਂ ਦਾ ਵਿਰੋਧ ਕਰ ਕੇ ਜਾਇਆ ਕਰ ਦਿੰਦਾ ਹੈ।" ਹੈ ਭੀ ਠੀਕ, ਸਰਬ ਸਾਧਾਰਨ ਮਨੁੱਖ ਚੇਤੇ ਦੀ ਵਰਤੋਂ ਕਰਦੇ ਭੀ ਬਢੰਗੀ ਤੇ ਕੋਝੀ ਹਨ, ਜਿਸ ਕਰ ਕੇ ਯਤਨ ਵਧੇਰੇ ਤੇ ਸਫਲਤਾ ਘਟ ਹੁੰਦੀ ਹੈ 'ਚੇਤਾ ਅੰਸਲ ਵਿਚ ਹੈ ਕੀ? ਸੁਰਤ ਨੂੰ ਆਪਣੇ ਗਿਆਨ ਦੇ ਭੰਡਾਰ ਵਿਚ ਖੋਬਦੇ ਜਾਣਾ ਤੇ ਉਥੋਂ ਸੰਸਕਾਰਾਂ ਨੂੰ ਲੈ ਕੇ ਜਾਗਰਤ ਸਿਮਰਤੀ ਵਿਚ ਉਤਾਰਨਣ। ਸੰਸਾਰ ਦਾ ਗਿਆਨ ਸਾਨੂੰ ਪੰਜਾਂ ਹੀ ਗਿਆਨ ਇੰਦ੍ਰੀਆਂ ਰਾਹੀਂ ਹੁੰਦਾ ਹੈ ਪਰ ਉਸ ਦਾ ਗਿਆਨ ਪ੍ਰਵਾਹ ਇੰਦ੍ਰੀਆਂ ਰਾਹੀਂ ਇੰਨਾ ਤੇਜ ਚਲਦਾ

---

1. *The averagfee man does not use above ten Percent of his actual inherted capacity for menmory He wastes the ninety percent by violating the natural laws of remembering.*

ਹੈ ਕਿ ਉਹ ਸਮੇਂ ਦੀ ਇਤਨੀ ਛੋਟੀ ਵੰਡ ਵਿਚ ਕਿ ਇਸ ਦਾ ਅਸੀਂ ਨਾਂ ਭੀ ਨਾ ਰੱਖ ਸਕੀਏ, ਗਿਆਨ ਨੂੰ ਸਿਮ੍ਰਤੀਆਂ ਦੇ ਟਿਕੇ ਹੋਏ ਖਜ਼ਾਨੇ ਵਿਚ ਸੁੱਟਦੀਆਂ ਚਲੀਆਂ ਜਾਂਦੀਆਂ ਹਨ। ਇਕ ਵਕਤਾ ਨੂੰ ਤਕਰੀਰ ਸਮੇਂ ਸਿਮਰਤੀ ਦੇ ਟਿਕੇ ਹੋਏ ਖਜ਼ਾਨੇ ਵਿੱਚੋਂ ਆਪਣੇ ਲੋੜਵੰਦੇ ਗਿਆਨ ਤੇ ਸੰਸਕਾਰ ਸਮੇਂ ਵਿਚ ਜਾਗਰਤ ਸਿਮ੍ਰਤੀ ਵਿਚ ਲਿਆਉਣੇ ਪੈਂਦੇ ਹਨ। ਸੋ ਉਸ ਨੂੰ ਚਾਹੀਦਾ ਹੈ ਕਿ ਉਹ ਤਕਰੀਰ ਕਰਨ ਤੋਂ ਪਹਿਲਾਂ ਹੀ ਅਜੇਹੇ ਸਾਧਨ ਵਰਤ ਲਵੇ ਕਿ ਜਿਨ੍ਹਾਂ ਕਰ ਕੇ ਉਸਨੂੰ ਸਮੇਂ ਸਿਰ ਵਾਕਿਆਤ ਯਾਦ ਕਰਨ ਵਿਚ ਤਕਲੀਫ ਨਾ ਹੋਵੇ। ਇਸ ਦਾ ਪਹਿਲਾ ਸਾਧਨ ਹੈ; ਸਿਮ੍ਰਤੀ ਦੇ ਆਮ ਖਜ਼ਾਨੇ ਵਿੱਚੋਂ ਯਤਨ ਕਰ ਕੇ ਲੋੜਵੰਦ ਗਿਆਨ ਨੂੰ ਸੂਰਤ ਉਤੇ ਨਕਸ਼ ਕਰ ਲੈਣਾ, ਇਸ ਦੇ ਲਈ ਧਿਆਨ ਦੀ ਜ਼ਰੂਰਤ ਹੈ। ਸੂਰਤ ਨੂੰ ਇਕੱਠਿਆਂ ਕਰ, ਇਕ ਚਿੱਤ ਹੋ, ਜਿਸ ਗੱਲ ਵਲ ਧਿਆਨ ਦਿੱਤਾ ਜਾਵੇਗਾ, ਉਸ ਦਾ ਨਕਸ਼ਾ ਤੁਹਾਡੇ ਚਿੱਤ 'ਤੇ ਅਜਿਹਾ ਬੈਠੇਗਾ ਕਿ ਲੋੜ ਵੇਲੇ ਸ਼ਾਧਾਰਨ ਖ਼ਿਆਲ ਕੀਤਿਆਂ ਹੀ ਉਹ ਚੀਜ਼ ਯਾਦ ਆ ਜਾਵੇਗੀ ਇਕ ਚਿੱਤ ਹੋਣ ਦੀ ਥਾਂ ਜੇ ਤੁਸੀਂ ਰੌਲੇ ਵਿਚ ਓਪਰੇ ਜਿਹੇ ਮਨ ਨਾਲ ਕਿਸੇ ਚੀਜ਼ ਨੂੰ ਕੰਠ ਕਰਨ ਦਾ ਯਤਨ ਕਰੋਗੇ, ਤਾਂ ਯਤਨ ਵਧੇਰੇ ਤੇ ਸਫਲਤਾ ਘਟ ਹੋਵੇਗੀ। ਇਹ ਇਸੇ ਤਰ੍ਹਾਂ ਹੀ ਹੈ ਕਿ ਜਿਸ ਤਰ੍ਹਾਂ ਕੋਈ ਮਨੁੱਖ ਇਕ ਪ੍ਰਾਂਤ ਦੇ ਹਿਲਦੇ ਹੋਏ ਪਾਣੀ ਵਿਚ ਆਪਣਾ ਪ੍ਰਛਾਵਾਂ ਦੇਖਣਾ ਚਾਹੇ। ਅਸੀਂ ਸਭ ਜਾਣਦੇ ਹਾਂ ਕਿ ਉਸ ਨੂੰ ਸਫਲਤਾ ਨਹੀਂ ਹੋਵੇਗੀ, ਕਿਉਂਕਿ ਜਦ ਤਕ ਪਾਣੀ ਟਿਕੇ ਨਾ ਪ੍ਰਛਾਵਾਂ ਭੀ ਨਹੀਂ ਟਿਕ ਸਕਦਾ। ਇਹੋ ਹੀ ਹਾਲਤ ਕਿਸੇ ਗਿਆਨ ਦੇ ਚੇਤੇ ਕਰਦੀ ਹੈ। ਜਦ ਤਕ ਸੁਰਤ ਵਿਚ ਟਿਕਾਓ ਨਹੀਂ ਆਵੇਗਾ, ਕਿਸੇ ਭੀ ਚੀਜ਼ ਦਾ ਗਿਆਨ ਉਸ 'ਤੇ ਨਕਸ਼ ਨਹੀਂ ਹੋ ਸਕੇਗਾ। ਸੋ ਖਿੰਡੇ ਹੋਏ ਮਨ ਤੇ ਰੌਲੇ ਗੌਲੇ ਵਿਚ ਵਧੇਰੇ ਸਮਾਂ ਲਗਾਉਣ ਨਾਲੋਂ ਟਿਕਾਓ ਵਿਚ ਤੇ ਇਕ ਮਨ ਹੋ ਚੇਤੇ ਕਰਨ ਨਾਲ ਦੀ ਵਰਤੋਂ ਵਧੇਰੇ ਸਫਲ ਹੁੰਦੀ ਹੈ।

ਇਕਾਗਰਤਾ ਦੇ ਮਗਰੋਂ ਦੂਜੀ ਲੋੜਵੰਦੀ ਗੱਲ ਰਟਣੀ ਹੈ। ਭਾਵੇਂ ਘੋਟਾ ਇਕਾਗਰਤਾ ਤੋਂ ਬਿਨਾਂ ਸਫਲ ਨਹੀਂ ਹੁੰਦਾ, ਪਰ ਇਕ ਧਿਆਨ ਹੋਣ ਦੇ ਪਿੱਛੋਂ ਕਿਸੇ ਗੱਲ ਨੂੰ ਸਰਲ ਤੇ ਨਕਸ਼ ਕਰਨ ਲਈ ਬਾਰ-ਬਾਰ ਦੁਹਰਾਣ ਦੀ ਲੋੜ ਜ਼ਰੂਰ ਪੈਂਦੀ ਹੈ। ਇਸ ਵਿਗਿਆਨਕ ਸਮੂਲ ਤੇ ਹੀ ਰੂਹਾਨੀ ਦੁਨੀਆਂ ਵਿਚ ਭੀ ਸਿਮਰਨ ਦਾ ਮਸਲਾ ਕਾਇਮ ਹੈ। ਵਿਦਿਅਕ ਜਗਤ ਵਿਚ ਭੀ ਘੋਟਾ ਆਮ ਤੌਰ 'ਤੇ ਵਰਤਿਆ ਜਾਂਦਾ ਹੈ। ਕੁਰਾਨ ਦਹਾਫਜ਼ਾ ਦੀ ਸ਼ਰੇਣੀ ਜੋ ਆਮ ਤੌਰ 'ਤੇ ਨੇਤਰਹੀਣ ਹੁੰਦੇ ਹਨ, ਇਸ ਗੱਲ ਦੀ ਗਵਾਹ ਹੈ ਕਿ ਇਕ ਚਿਤ ਹੋ ਕੇ ਬਾਰ ਬਾਰ ਦੁਹਰਾਣ ਨਾਲ ਕੁਰਾਨ ਪਾਕ ਜੈਸੀ ਵੱਡੇ ਅਕਾਰ ਦੀ ਤੇ ਅਰਬ ਦੀ ਬਦੇਸ਼ੀ ਬੋਲੀ ਵਿਚ ਲਿਖੀ ਹੋਈ ਪੁਸਤਕ ਭੀ ਕੰਠ ਕੀਤੀ ਜਾ ਸਕਦੀ ਹੈ। ਇਸ ਘੋਟੇ ਵਿਚ ਚੀਜ਼ ਨੂੰ ਉੱਚੀ ਬੋਲ ਕੇ ਦੁਹਰਾਣਾ ਵੀ ਬੜਾ ਸਹਾਇਕ ਹੁੰਦਾ ਹੈ, ਕਿਉਂ ਜੋ ਅਜਿਹਾ ਕਰਨ ਨਾਲ ਜ਼ਬਾਨ ਬੋਲਦੀ ਤੇ ਕੰਨ ਸੁਣਦੇ ਹਨ ਅਤੇ ਸੁਰਤ ਸੰਸਕਾਰ ਨੂੰ ਕਬੂਲ ਕਰਦੀ ਚਲੀ ਜਾਂਦੀ ਹੈ।

ਚੇਤੇ-ਸ਼ਕਤੀ ਦੀ ਮਦਦ ਲਈ ਤੀਸਰੀ ਚੀਜ਼ ਸੰਸਕਾਰਕ ਸਮਾਨਤਾ ਹੈ। ਪਹਿਲਾਂ ਦੇ ਸੰਸਕਾਰਾਂ ਨਾਲ ਮਿਲਦਾ-ਜੁਲਦਾ ਗਿਆਨ ਛੇਤੀ ਯਾਦ ਹੋ ਸਕਦਾ ਹੈ। ਭਾਵੇਂ ਇਹ ਸੰਸਕਾਰ ਕਈ ਕਿਸਮ ਦੇ ਹਨ, ਪਰ ਇਹਨਾਂ ਦੀਆਂ ਚਾਰ ਮੋਟੀਆਂ ਵੰਡਾਂ ਕੀਤੀਆਂ ਜਾ ਸਕਦੀਆ ਹਨ—੧. ਸਮੇਂ ਦੀ ਅਨੁਕੂਲਤਾ। ੨. ਸਥਾਨ ਦੀ ਅਨੁਕੂਲਤਾ। ੩. ਸਬੰਧਤ ਵਸਤੂ ਦਾ ਦੁਬਾਰਾ ਮਿਲਾਪ ਤੇ ੪. ਵਸਤੂ ਦਾ ਦੁਬਾਰਾ ਮਿਲਾਪ। ਇਹਨਾਂ ਦੀਆ ਚਾਰ ਮਿਸਾਲਾ ਇਹ ਹਨ।

੧. ਸਮੇਂ ਦੀ ਅਨੁਕੂਲਤਾ :- ਸਾਨੂੰ ਦੀਵਾਲੀ 'ਤੇ ਇਕ ਸ਼ਖਸ ਮਿਲਿਆ। ਅਗਲੀ ਦੀਵਾਲੀ ਦੇ ਸਮੇਂ ਮਿਲਾਪ ਤੋਂ ਬਿਨਾਂ ਹੀ ਉਸ ਦੀ ਯਾਦ ਆ ਗਈ। ਇਹ ਦੀਵਾਲੀ ਦੇ ਮੇਲੇ ਦੇ ਸਮੁੱਚੇ ਸੰਸਕਾਰਾਂ ਦਾ ਅੰਗ ਬਣ ਚੁੱਕੀ ਸੀ। ਵਕਤਾ ਨੂੰ ਇਸ ਤੋਂ ਬੜਾ ਕੰਮ ਲੈਣਾ ਚਾਹੀਦਾ ਹੈ। ਖਾਸ ਤੌਰ 'ਤੇ ਵਾਕਿਆਤ ਦੀਆਂ ਤਾਰੀਖਾਂ ਯਾਦ

ਕਰਨ ਲਈ ਇਹ ਢੰਗ ਬਹੁਤ ਚੰਗਾ ਹੈ । ੧੯੪੫ ਵਿਚ ਜਰਮਨ ਤੇ ਜਪਾਨ ਨਾਲ ਜੰਗ ਮੁੱਕੀ ਹੈ । ਹੁਣ ਵਕਤਾ ਨੂੰ ੧੯੪੫ ਵਿਚ ਹੋਏ ਹਰ ਕਿਸਮ ਦੇ ਵਾਕਿਆਤ ਨੂੰ ਯਾਦ ਕਰਨ ਲਈ ਇਤਨਾ ਹੀ ਯਾਦ ਕਰ ਲੈਣਾ ਜ਼ਰੂਰੀ ਹੋਵੇਗਾ ਕਿ ਉਹ ਉਸ ਸਾਲ ਹੋਏ, ਜਿਸ ਸਾਲ ਜਰਮਨ ਤੇ ਜਾਪਾਨ ਦੀ ਜੰਗ ਮੁੱਕੀ ਸੀ । ਵਾਕਿਆਤ ਦੀਆਂ ਤਾਰੀਖਾਂ ਨੂੰ ਯਾਦ ਕਰਨ ਲਈ, ਮਸ਼ਹੂਰ ਵਾਕਿਆਤ ਦੀਆਂ ਤਾਰੀਖਾਂ ਨਾਲ ਜੋੜ ਲੈਣਾ ਬੜਾ ਸੁਖੈਨ ਹੈ ।

੨. ਸਥਾਨ ਦੀ ਅਨੁਕੂਲਤਾ :- ਜਦੋਂ ਕਿਸੇ ਖਾਸ ਅਸਥਾਨ 'ਤੇ ਕੋਈ ਸ਼ਖਸ਼ ਮਿਲੇ, ਤਾਂ ਦੁਬਾਰਾ ਉਸ ਜਗ੍ਹਾ ਪੁੱਜਣ ਨਾਲ ਹੀ ਉਸ ਦੀ ਯਾਦ ਆ ਜਾਂਦੀ ਹੈ । ਪਾਨੀਪਤ ਦੇ ਮੈਦਾਨ ਨਾਲ ਕਈ ਲੜਾਈਆਂ ਦਾ ਸਬੰਧ । ਹੁਣ ਉਨ੍ਹਾਂ ਲੜਾਈਆਂ ਦੀ ਯਾਦ ਨੂੰ ਤਾਜਾ ਕਰਨ ਲਈ, ਪਾਨੀਪਤ ਦਾ ਮੁਕਾਮ ਯਾਦ ਕਾਇਮ ਰੱਖਣਾ ਮਦਦ ਦੇਂਦਾ ਹੈ ।

੩. ਸਬੰਧਤ ਚੀਜ਼ ਦੀ ਸਹਾਇਤਾ :- ਸਾਨੂੰ ਇਕ ਮਨੁੱਖ ਰੇਲ 'ਤੇ ਮਿਲਿਆ। ਉਸ ਦੇ ਹੱਥ ਵਿਚ ਇਕ ਖਾਸ ਕਿਸਮ ਦੀ ਛਤਰੀ ਸੀ । ਅੱਗੋਂ ਉਸ ਮਨੁੱਖ ਦੇ ਮਿਲਣ ਨਾਲ ਹੀ ਸਾਨੂੰ ਖਾਸ ਕਿਸਮ ਦੀ ਛਤਰੀ ਦੀ ਯਾਦ ਆ ਗਈ। ਇਹ ਤਰੀਕਾ ਭੀ ਯਾਦ ਸ਼ਕਤੀ ਵਿਚ ਮਦਦ ਦਿੰਦਾ ਹੈ । ਕਿਸੇ ਵਿਸ਼ੇਸ਼ ਵਿਅਕਤੀ ਨਾਲ ਸਬੰਧਤ ਚੀਜ਼ਾਂ, ਉਸ ਵਿਅਕਤੀ ਦੀ ਯਾਦ ਨਾਲ ਹੀ ਯਾਦ ਆ ਜਾਂਦੀਆਂ ਹਨ, ਜਿਸ ਤਰ੍ਹਾਂ ਕਿ ਸਾਹਿਤ ਤੇ ਕਵਿਤਾ ਦੀਆਂ ਕਈ ਖ਼ੂਬਸੂਰਤੀਆਂ। ਕਈ ਟੈਗੋਰ, ਇਕਬਾਲ ਯਾ ਵਾਰਸ ਸ਼ਾਹ ਦੀ ਯਾਦ ਨਾਲ ਚੇਤੇ ਆ ਜਾਂਦੀਆਂ ਹਨ।

੪. ਚੀਜ਼ ਦਾ ਦੁਬਾਰਾ ਮਿਲ ਪੈਣਾ ਜਾਂ ਉਸ ਦੇ ਸਮਾਨ ਕਿਸੇ ਚੀਜ਼ ਦਾ ਗਿਆਨ ਹੋ ਜਾਣਾ ਭੀ ਚੇਤੇ ਦੀ ਸਹਾਇਤਾ ਕਰਦਾ ਹੈ। ਦੁਬਾਰਾ ਗਿਆਨ ਦਾ ਤੁਅੱਲਕ ਤਾਂ ਪਿੱਛੇ ਘੇਟੇ ਵਿਚ ਆ ਚੁੱਕਾ ਹੈ, ਪਰੰਤੂ ਉਸ ਦੇ ਸਮਾਨ ਗਿਆਨ ਲਈ ਕਈ ਇਕ ਸਾਧਨ ਵਰਤੇ

ਜਾਂਦੇ ਹਨ । ਜਿਸ ਤਰ੍ਹਾਂ ਕਈ ਇਕ ਲੋਲਾਂ ਨੇ ਤਾਰੀਖਾਂ ਯਾਦ ਕਰਨ ਲਈ ਹਿੰਦਸਿਆਂ ਦੀ ਥਾਂ ਅੱਖਰ ਯਾ ਤਸਵੀਰਾਂ ਵਰਤੀਆਂ ਹਨ । ਜਿਸ ਤਰ੍ਹਾਂ ਇਕ ਯਾਦ ਕਰਨ ਲਈ ਇਕ ਦੇ ਨਾਲ ਲਗਦਾ ਅੱਖਰ ਛਿੱਕ ਤੇ ਛਿੱਕ ਦੇ ਚੇਤੇ ਕਰਨ ਲਈ ਕਿਸੇ ਛਿੱਕੇ ਦੀ ਮੂਰਤ, ਦੋ ਦੀ ਥਾਂ ਧੋਤੇ ਧੋਬੀ ਦੀ ਥਾਂ ਮੂਰਤ । ਇਸ ਤਰ੍ਹਾਂ ਹੀ ਸਭ ਹਿੰਦਸਿਆਂ ਦੀ ਥਾਂ ਉਨ੍ਹਾਂ ਨੂੰ ਕੰਠ ਕਰਨ ਲਈ ਅੱਖਰ ਤੇ ਉਨ੍ਹਾਂ ਦੀਆਂ ਮੂਰਤਾਂ ਵਰਤੀਆਂ ਜਾ ਸਕਦੀਆਂ ਹਨ ।

ਇਹ ਹਨ ਉਪਰ ਦੱਸੇ ਚਾਰ ਤਰੀਕੇ, ਜਿਨ੍ਹਾਂ ਰਾਹੀਂ ਸੰਸਕਾਰਾਂ ਦੀ ਸਮਾਨਤਾ ਚੇਤੇ ਦੀ ਸਹਾਇਤਾ ਕਰ ਸਕਦੀ ਹੈ, ਵਕਤਾ ਨੂੰ ਇਨ੍ਹਾਂ ਨਿਯਮਾਂ ਦੀ ਵਰਤੋਂ ਵੱਲ ਖ਼ਿਆਲ ਰੱਖਣਾ ਜ਼ਰੂਰੀ ਹੈ ।

* * *

ਪ੍ਰਕਾਸ਼ਕ

ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰ

ਗਲੀ ਨੰ: 8 ਬਾਗ ਰਾਮਾ ਨੰਦ, ਅੰਮ੍ਰਿਤਸਰ